ਸ਼ਹੀਦਾਂ ਦੇ ਸਰਤਾਜ, ਸ਼ਾਂਤੀ ਦੇ ਪੁੰਜ, ਨਿਮਰ ਸੁਭਾਅ ਦੇ ਮਾਲਕ ਅਤੇ ਬਾਣੀ ਦੇ ਬੋਹਿਥ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ 'ਤੇ ਕੋਟਿਨ-ਕੋਟਿ ਪ੍ਰਣਾਮ ਕਰਦੇ ਹਾਂ।



--★ ਗੁਰੂ ਪੰਥ ਦੇ ਸੇਵਾਦਾਰ ★--



# ਭਾਈ ਧਰਮਪਾਲ ਸਿੰਘ ਜੋਹਲ

ਆਸਟ੍ਰੇਲੀਆ

ਅਤੇ **ਸਮੂਹ ਪਰਿਵਾਰ**

ਸ਼ਹੀਦਾਂ ਦੇ ਸਰਤਾਜ, ਸ਼ਾਂਤੀ ਦੇ ਪੁੰਜ, ਨਿਮਰ ਸੁਭਾਅ ਦੇ ਮਾਲਕ ਅਤੇ ਬਾਣੀ ਦੇ ਬੋਹਿਥੁ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ ’ਤੇ ਕੋਟਿਨ-ਕੋਟਿ ਪ੍ਰਣਾਮ ਕਰਦੇ ਹਾਂ।



--⋆ ਗੁਰੂ ਪੰਥ ਦੇ ਸੇਵਾਦਾਰ ⋆--

# ਸਰਦਾਰ ਸੁਰਜੀਤ ਸਿੰਘ-ਬੀਬੀ ਦਰਸ਼ਨ ਕੌਰ

## ਅਤੇ

# ਸਮੂਹ ਪਲਾਹ ਪਰਿਵਾਰ

ਸ਼ਹੀਦਾਂ ਦੇ ਸਰਤਾਜ, ਸ਼ਾਂਤੀ ਦੇ ਪੁੰਜ, ਨਿਮਰ ਸੁਭਾਅ ਦੇ ਮਾਲਕ ਅਤੇ ਬਾਣੀ ਦੇ ਬੋਹਿਥੁ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ 'ਤੇ ਕੋਟਿਨ-ਕੋਟਿ ਪ੍ਰਣਾਮ ਕਰਦੇ ਹਾਂ।



--★ ਗੁਰੂ ਪੰਥ ਦੇ ਸੇਵਾਦਾਰ ★--

# ਮਾਈ ਭਾਗੋ ਸੇਵਾ ਸੁਸਾਇਟੀ

## ਗੁਰਦਾਸਪੁਰ

## (ਰਜਿ. ਨੰ. 210)

ਸ਼ਹੀਦਾਂ ਦੇ ਸਰਤਾਜ, ਸ਼ਾਂਤੀ ਦੇ ਪੁੰਜ, ਨਿਮਰ ਸੁਭਾਅ ਦੇ ਮਾਲਕ ਅਤੇ ਬਾਣੀ ਦੇ ਬੋਹਿਥੁ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ ’ਤੇ ਕੋਟਿਨ-ਕੋਟਿ ਪ੍ਰਣਾਮ ਕਰਦੇ ਹਾਂ।



--✶ ਗੁਰੂ ਪੰਥ ਦੀ ਸੇਵਾਦਾਰ ✶--



## ਰਸ਼ਪਿੰਦਰ ਕੌਰ ਗਿੱਲ

ਲੇਖਿਕਾ, ਐਂਕਰ ਤੇ ਪ੍ਰਧਾਨ

ਪੀਂਘਾ ਸੋਚ ਦੀਆਂ ਸਾਹਿਤ ਮੰਚ

ਪਬਲੀਕੇਸ਼ਨ, ਮੈਗਜ਼ੀਨ

ਸਿੱਖ ਫਰਜ਼ ਸਕਾਲਰਸ਼ਿਪ

ਸ਼ਹੀਦਾਂ ਦੇ ਸਰਤਾਜ, ਸ਼ਾਂਤੀ ਦੇ ਪੁੰਜ, ਨਿਮਰ ਸੁਭਾਅ ਦੇ ਮਾਲਕ ਅਤੇ ਬਾਣੀ ਦੇ ਬੋਹਿਥੁ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ ’ਤੇ ਕੋਟਿਨ-ਕੋਟਿ ਪ੍ਰਣਾਮ ਕਰਦੇ ਹਾਂ।





--★ ਗੁਰੂ ਪੰਥ ਦਾ ਸੇਵਾਦਾਰ ★--

**ਸ੍ਰ: ਤਰਨਜੀਤ ਸਿੰਘ ਜੌਹਲ**
**ਉਰਫ਼ ਡੀ . ਸੀ . ਜੌਹਲ**
ਵਾਲਸਾਲ (ਇੰਗਲੈਂਡ)
ਅਤੇ
**ਸਮੂਹ ਪਰਿਵਾਰ**

ਸ਼ਹੀਦਾਂ ਦੇ ਸਰਤਾਜ, ਸ਼ਾਂਤੀ ਦੇ ਪੁੰਜ, ਨਿਮਰ ਸੁਭਾਅ ਦੇ ਮਾਲਕ ਅਤੇ ਬਾਣੀ ਦੇ ਬੋਹਿਥੁ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ 'ਤੇ ਕੋਟਿਨ-ਕੋਟਿ ਪ੍ਰਣਾਮ ਕਰਦੇ ਹਾਂ।



--★ ਗੁਰੂ ਪੰਥ ਦਾ ਸੇਵਾਦਾਰ ★--

# ਭਾਈ ਪਰਮਿੰਦਰ ਸਿੰਘ ਬਲ

ਪ੍ਰਧਾਨ

## ਸਿੱਖ ਫੈਡਰੇਸ਼ਨ ਯੂ. ਕੇ.



ਸ਼ਹੀਦਾਂ ਦੇ ਸਰਤਾਜ, ਸ਼ਾਂਤੀ ਦੇ ਪੁੰਜ, ਨਿਮਰ ਸੁਭਾਅ ਦੇ ਮਾਲਕ ਅਤੇ ਬਾਣੀ ਦੇ ਬੋਹਿਥੁ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ ’ਤੇ ਕੋਟਿਨ-ਕੋਟਿ ਪ੍ਰਣਾਮ ਕਰਦੇ ਹਾਂ।





## ਗੁਰੂ ਪੰਥ ਦੇ ਸੇਵਾਦਾਰ

# ਜਥੇਦਾਰ ਭਾਈ ਬਲਦੇਵ ਸਿੰਘ ਜਥੇਦਾਰ ਪੰਜ ਪਿਆਰੇ ਅੰਮ੍ਰਿਤ ਸੰਚਾਰ

ਸ਼ਹੀਦਾਂ ਦੇ ਸਰਤਾਜ, ਸ਼ਾਂਤੀ ਦੇ ਪੁੰਜ, ਨਿਮਰ ਸੁਭਾਅ ਦੇ ਮਾਲਕ ਅਤੇ ਬਾਣੀ ਦੇ ਬੋਹਿਥੁ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ ’ਤੇ ਕੋਟਿਨ-ਕੋਟਿ ਪ੍ਰਣਾਮ ਕਰਦੇ ਹਾਂ।



--★ ਗੁਰੂ ਪੰਥ ਦਾ ਸੇਵਾਦਾਰ ★--

# ਭਾਈ ਪ੍ਰਗਟ ਸਿੰਘ ਨਿੱਝਰ ਅਤੇ ਪਰਿਵਾਰ, ਜਰਮਨੀ



ਸ਼ਹੀਦਾਂ ਦੇ ਸਰਤਾਜ, ਸ਼ਾਂਤੀ ਦੇ ਪੁੰਜ, ਨਿਮਰ ਸੁਭਾਅ ਦੇ ਮਾਲਕ ਅਤੇ ਬਾਣੀ ਦੇ ਬੋਹਿਥੁ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ ’ਤੇ ਕੋਟਿਨ-ਕੋਟਿ ਪ੍ਰਣਾਮ ਕਰਦੇ ਹਾਂ।





--★ ਗੁਰੂ ਪੰਥ ਦਾ ਸੇਵਾਦਾਰ ★--

# ਭਾਈ ਮਲਕੀਤ ਸਿੰਘ ਤੇਹਿੰਗ

(ਮੀਤ ਪ੍ਰਧਾਨ, ਗੁਰੂ ਨਾਨਕ ਗੁਰਦੁਆਰਾ ਹਾਈ ਸਟਰੀਟ ਸਮੈਦਿਕ ਬਰਮਿੰਘਮ ਇੰਗਲੈਂਡ)

## ਅਤੇ ਪਰਿਵਾਰ

ਸ਼ਹੀਦਾਂ ਦੇ ਸਰਤਾਜ, ਸ਼ਾਂਤੀ ਦੇ ਪੁੰਜ, ਨਿਮਰ ਸੁਭਾਅ ਦੇ ਮਾਲਕ ਅਤੇ ਬਾਣੀ ਦੇ ਬੋਹਿਥੁ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ 'ਤੇ ਕੋਟਿਨ-ਕੋਟਿ ਪ੍ਰਣਾਮ ਕਰਦੇ ਹਾਂ।



--✶ ਗੁਰੂ ਪੰਥ ਦਾ ਸੇਵਾਦਾਰ ✶--

# ਭਾਈ ਬਲਦੇਵ ਸਿੰਘ ਦਿਉਲ

## ਪੰਥਕ ਸੇਵਾਦਾਰ, ਬਰਮਿੰਘਮ ਇੰਗਲੈਂਡ

## ਅਤੇ ਪਰਿਵਾਰ



ਅੱਜ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ' ਤੇਰਾ ਭਾਣਾ ਮੀਠਾ ਲਾਗੇ . . .' : ਸ੍ਰੀ ਗੁਰੂ ਅਰਜਨ ਦੇਵ ਜੀ

**ਬਿਸਰਿ ਗਈ ਸਭ ਤਾਤਿ ਪਰਾਈ ।**
**ਜਬ ਤੇ ਸਾਧਸੰਗਤਿ ਮੋਹਿ ਪਾਈ ।**
**ਨਾ ਕੋ ਬੈਰੀ ਨਹੀ ਬਿਗਾਨਾ ,**
**ਸਗਲ ਸੰਗਿ ਹਮ ਕਉ ਬਨਿ ਆਈ ॥**

ਜਦੋਂ ਮਨੁੱਖ ਆਪਣਾ ਨਿਸਾਨਾ ਭੁੱਲ ਜਾਂਦਾ ਹੈ , ਆਪਣੇ ਮਾਰਗ ਤੋਂ ਥਿੜਕ ਜਾਂਦਾ ਹੈ , ਜਦੋਂ ਉਸ ਨੂੰ ਭਵਿੱਖ ਦੀ ਕੋਈ ਵੀ ਆਸ ਟੁੰਬਣ ਦੇ ਯੋਗ ਨਹੀਂ ਰਹਿੰਦੀ , ਜਦੋਂ ਉਸ ਨੂੰ ਵਰਤਮਾਨ ਦੀ ਹਰ ਗੱਲ ਆਪਣੇ ਵੱਲ ਖਿੱਚਦੀ ਹੈ , ਜਦੋਂ ਉਸ ਨੂੰ ਸਭ ਕੁਝ ਹੋਣ ਹਨੇਰਾ-ਹਨੇਰਾ ਜਾਪਦਾ ਹੈ , ਉਦੋਂ ਮਨੁੱਖ ਵਿੱਚ ਚੇਤਨਾ ਪੈਦਾ ਕਰਨ , ਉਸ ਨੂੰ ਆਸ ਦੀ ਸੂਝ ਦੇਣ ਅਤੇ ਸੱਚ ਦਾ ਮਾਰਗ ਵਿਖਾਉਣ ਦੀ ਕੋਈ ਮਹਾਨ ਪੁਰਖ ਜਨਮ ਲੈਂਦਾ ਹੈ ।

ਆਵਾਜ਼ਿ ਕੌਮ AWAZE QAUM International Newspaper & WEB TV

ਅਦੁੱਤੀ ਵਿਦਵਤਾ ਅਤੇ ਲਾਸਾਨੀ ਕੁਰਬਾਨੀ ਵਾਲੇ ਮਹਾਨ ਗੁਰੂ , ਸ੍ਰੀ ਗੁਰੂ ਅਰਜਨ ਦੇਵ ਜੀ ਨੇ 1563 ਈ . ਵਿੱਚ ਗੋਇੰਦਵਾਲ ਵਿਖੇ ਜਨਮ ਲਿਆ । ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਅਨਿੰਨ ਭਗਤ ਸ੍ਰੀ ਗੁਰੂ ਰਾਮਦਾਸ ਜੀ ਦਾ ਸੇਵਾ-ਭਾਵ ਅਤੇ ਨਿਰਮਲ ਆਚਰਨ ਵੇਖ ਕੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਨਾਲ ਉਨ੍ਹਾਂ ਦਾ ਵਿਆਹ ਕਰ ਦਿੱਤਾ । ਬੀਬੀ ਭਾਨੀ ਜੀ ਦੀ ਕੁੱਖੋਂ ਮਹਾਨ ਗੁਰੂ ਅਰਜਨ ਦੇਵ ਜੀ ਨੇ ਜਨਮ ਲਿਆ । ਆਪ ਦਾ ਬਚਪਨ ਗੋਇੰਦਵਾਲ ਵਿੱਚ ਹੀ ਬਤੀਤ ਹੋਇਆ । ਚੁਫੇਰੇ ਭਗਤੀ ਦਾ ਵਾਤਾਵਰਨ ਹੋਣ ਕਾਰਨ ਆਪ ਦੀ ਅਧਿਆਤਮਿਕ ਪ੍ਰਤਿਭਾ ਠੀਕ ਢੰਗ ਨਾਲ ਵਿਕਸਿਤ ਹੋ ਕੇ ਗੁਰੂ ਪਦ ਦੀ ਅਧਿਕਾਰੀ ਬਣੀ । ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਸੰਪਰਕ ਵਿੱਚੋਂ ਹਾਸਲ ਅਨੁਭਵ ਸਦਕਾ 'ਦੋਹਿਤਾ ਬਾਣੀ ਕਾ ਬੋਹਿਥਾ ' ਹੋ ਨਿਬੜਿਆ ।

ਆਪ ਨੇ ਬਾਬਾ ਬੁੱਢਾ ਜੀ ਪਾਸੋਂ ਗੁਰਮੁਖੀ ਦਾ ਅੱਖਰ ਗਿਆਨ ਹਾਸਲ ਕੀਤਾ । ਇਸ ਮਗਰੋਂ ਆਪ ਨੇ ਗੁਰਬਾਣੀ ਦਾ ਅਧਿਐਨ ਕੀਤਾ । ਹਿੰਦੀ ਦਾ ਗਿਆਨ ਪਾਂਧਾ ਗੁਪਾਲ ਜੀ ਪਾਸੋਂ ਅਤੇ ਸੰਸਕ੍ਰਿਤ ਪੰਡਤ ਬੇਨੀ ਪਾਸੋਂ ਸਿੱਖੀ । ਮਹਾਨ ਗੁਰੂਆਂ ਦੀ ਸੰਗਤ ਦਾ ਪ੍ਰਭਾਵ ਵੀ ਆਪ ਨੇ ਗ੍ਰਹਿਣ ਕੀਤਾ । ਉਹ ਵੀ ਆਪ ਲਈ ਗਿਆਨ ਦਾ ਸਾਗਰ ਬਣੇ . ਆਪ ਦਾ ਵਿਆਹ 1589 ਈ. ਵਿੱਚ ਕ੍ਰਿਸਨ ਚੰਦ ਦੀ ਸਪੁੱਤਰੀ ਬੀਬੀ ਗੰਗਾ ਦੇਵੀ ਨਾਲ ਹੋਇਆ ਜਿਨ੍ਹਾਂ ਤੋਂ ਆਪ ਦੀ ਇੱਕ - ਇੱਕ ਸੰਤਾਨ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਰੂਪ ਵਿੱਚ ਹੋਈ ।

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣੇ ਗੁਰੂ ਪਿਤਾ ਨਾਲ ਅਥਾਹ ਪਿਆਰ ਸੀ । ਪਿਤਾ ਜੀ ਨੇ ਆਪ ਨੂੰ ਲਾਹੌਰ ਅਪਣੇ ਕਿਸੇ ਰਿਸਤੇਦਾਰ ਦੇ ਲੜਕੇ ਦੇ ਵਿਆਹ ਵਿੱਚ ਸਾਮਲ ਹੋਣ ਲਈ ਭੇਜਿਆ । ਆਪ ਨੂੰ ਆਦੇਸ ਸੀ ਕਿ ਜਦੋਂ ਤੱਕ ਆਪ ਨੂੰ ਬੁਲਾਇਆ ਨਾ ਜਾਵੇ ਉੱਨੀ ਦੇਰ ਲਾਹੌਰ ਹੀ ਰਹਿਣਾ । ਗੁਰੂ ਪਿਤਾ ਰਾਮਦਾਸ ਜੀ ਵਲੋਂ ਵਾਪਸ ਨਾ ਬੁਲਾਏ ਜਾਣ ਕਾਰਨ ਆਪ ਉਨਾਂ ਦਾ ਵਿਛੋੜਾ ਸਹਿਣ ਨਹੀਂ ਕਰ ਸਕੇ । ਆਪ ਨੇ ਇਹ ਸਬਦ ਉਚਾਰਿਆ :

**'ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ।**
**ਬਿਲਪ ਕਰੇ ਚਾਤ੍ਰਿਕ ਕੀ ਨਿਆਈ ।'**

ਇਸ ਅਥਾਹ ਪਿਆਰ ਅਤੇ ਆਪ ਦੀ ਸੂਝ - ਬੂਝ ਸਦਕਾ ਹੀ ਆਪ ਜੀ ਨੂੰ ਗੁਰਗੱਦੀ ਦਿੱਤੀ ਗਈ । ਹਾਲਾਂਕਿ ਆਪ ਛੋਟੇ ਸਨ । ਆਪ ਦਾ ਵੱਡਾ ਭਰਾ ਪ੍ਰਿਥੀ ਚੰਦ ਆਪ ਨਾਲ ਈਰਖਾ ਕਰਦਾ ਸੀ ਪਰ ਸੰਗਤ ਵੀ ਉਸ ਪਿੱਛੇ ਨਾ ਲੱਗੀ । ਚੁਫੇਰੇ ਦਾ ਤਣਾਓ ਵੀ ਆਪ ਦੀ ਸਹਿਨਸੀਲਤਾ ਨਾਲ ਟਕਰਾਉਂਦਾ ਰਿਹਾ ਪਰ ਆਪ ਹਮੇਸਾਂ ਸਥਿਰ ਰਹੇ।



ਸ੍ਰੀ ਗੁਰੂ ਅਰਜਨ ਦੇਵ ਜੀ ਉੱਚ - ਕੋਟੀ ਦੇ ਕਵੀ ਅਤੇ ਮਹਾਨ ਵਿਦਵਾਨ ਸਨ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੱਧ ਯੁਗ ਦੇ ਧਰਮ ਸਾਧਕਾਂ ਦੇ ਪਵਿੱਤਰ ਬਚਨਾਂ ਦਾ ਮਹੱਤਵਪੂਰਨ ਸੰਗ੍ਰਹਿ ਹੈ । ਇਸ ਗ੍ਰੰਥ ਦੀ ਸੰਪਾਦਨਾ ਆਪ ਦੀ ਵਿਦਵਤਾ , ਸਾਹਿਤਕ ਨਿਪੁੰਨਤਾ ਅਤੇ ਵਿਗਿਆਨਕ ਸੂਝ ਦੀ ਹੈ । ਪੰਜਾਬ ਦੀ ਇਸ ਨਵੇਕਲੀ ਸੰਪਾਦਨਾ ਰਾਹੀਂ ਗੁਰੂ ਸਾਹਿਬਾਨ ਦੇ ਨਾਲ - ਨਾਲ ਭਗਤਾਂ , ਸੰਤਾਂ , ਭੱਟਾਂ ਅਤੇ ਗੁਰੂ ਘਰ ਦੇ ਨਿਕਟਵਰਤੀ 37 ਵਿਅਕਤੀਆਂ ਨੂੰ ਅਮਰ ਪਦਵੀ ਪ੍ਰਾਪਤ ਹੋ ਗਈ । ਵੱਖ - ਵੱਖ ਛੰਦਾਂ , ਰਾਗਾਂ ਅਤੇ ਕਾਵਿ ਰੂਪਾਂ ਵਾਲੀ ਇਸ ਉੱਚ - ਕੋਟੀ ਦੀ ਪ੍ਰਮਾਣਿਕ ਰਚਨਾ ਬਾਰੇ ਪ੍ਰੋ .ਪੂਰਨ ਸਿੰਘ ਲਿਖਦੇ ਹਨ , " ਸੰਸਾਰ ਦੀ ਮਹਾਨ ਰਚਨਾ ਇਹੀ ਹੈ , ਇਹ ਵੇਦ , ਗੀਤਾ , ਅੰਜੀਲ ਅਤੇ ਕੁਰਾਨ ਦੇ ਪੱਧਰ ਦੀ ਕਵਿਤਾ ਹੈ ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੁਰੱਖਿਅਤ ਕੀਤਾ ।" ਆਪ ਨੇ ਇਹ ਬਾਣੀ ਇਕੱਤਰ ਕਰਕੇ ਭਾਈ ਗੁਰਦਾਸ ਜੀ ਕੋਲੋਂ ਲਿਖਵਾਈ।

ਇਸ ਮਹਾਨ ਗ੍ਰੰਥ ਵਿੱਚ ਸਭ ਤੋਂ ਵਧੇਰੇ ਬਾਣੀ ਆਪ ਦੀ ਮੌਲਿਕ ਹੈ । ਆਪ ਦੇ ਢਾਈ ਹਜਾਰ ਸਬਦ ਅਤੇ ਸਲੋਕ ਕੋਈ 30 ਰਾਗਾਂ ਵਿੱਚ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 1430 ਪੰਨਿਆਂ ਵਿੱਚੋਂ 650 ਪੰਨਿਆਂ ਉੱਤੇ ਆਪ ਜੀ ਦੀ ਬਾਣੀ ਹੈ । ਆਪ ਦੀ ਇਹ ਬਾਣੀ ਕੇਵਲ ਆਕਾਰ ਪੱਖੋਂ ਹੀ ਵਧੇਰੇ ਨਹੀਂ ਸਗੋਂ ਵਿਸੇ ਦੀ ਦ੍ਰਿਸਟੀ ਤੋਂ ਵੀ ਬਹੁਤ ਵਿਸਾਲ ਅਤੇ ਬਹੁ - ਦਿਸਾਵੀ ਹੈ । ਗੁਰਗੱਦੀ ਉੱਤੇ ਬੈਠਣ ਮਗਰੋਂ ਆਪ ਨੇ ਸੱਤ ਸਾਲ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਦੀ ਉਸਾਰੀ ਕਰਵਾਈ । ਆਪ ਨੇ ਅੰਮ੍ਰਿਤਸਰ , ਕਰਤਾਰਪੁਰ , ਛੇਹਰਟਾ ਅਤੇ ਹੋਰ ਬਹੁਤ ਸਾਰੇ ਨਗਰ ਵੀ ਉਸਾਰੇ । ਹਰ ਵਿਰੋਧ ਦਾ ਅਟੱਲ ਰਹਿ ਕੇ ਸਾਹਮਣਾ ਕੀਤਾ । ਆਪ ਦੇ ਸਿੱਖੀ ਪ੍ਰਚਾਰ ਨੂੰ ਵਧਦਾ - ਫੁਲਦਾ ਵੇਖ ਪ੍ਰਿਥੀ ਚੰਦ ਅਤੇ ਚੰਦੂ ਸਾਹ ਨੇ ਜਹਾਂਗੀਰ ਦੇ ਕੰਨ ਭਰਨੇ ਸੁਰੂ ਕਰ ਦਿੱਤੇ । ਚੰਦੂ ਸਾਹ ਗੁਰੂ ਜੀ ਦਾ ਇਸ ਕਰਕੇ ਦੁਸਮਣ ਬਣ ਗਿਆ ਕਿਉਂਕਿ ਗੁਰੂ ਜੀ ਨੇ ਉਸ ਦੀ ਲੜਕੀ ਦਾ ਰਿਸਤਾ ਆਪਣੇ ਸਪੁੱਤਰ ਸ੍ਰੀ ਗੁਰੂ ਹਰਿਗੋਬਿੰਦ ਜੀ ਨਾਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ । ਵੱਡਾ ਭਰਾ ਪ੍ਰਿਥੀ ਚੰਦ ਪਹਿਲਾਂ ਤੋਂ ਹੀ ਖਾਰ ਖਾਂਦਾ ਸੀ । ਇਸੇ ਸਮੇਂ ਜਹਾਂਗੀਰ ਦਾ ਬਾਗੀ ਪੁੱਤਰ ਖੁਸਰੋ ਗੁਰੂ ਜੀ ਕੋਲ ਅਸੀਰਵਾਦ ਲੈਣ ਆ ਗਿਆ । ਦੁਸਮਣਾਂ ਨੂੰ ਮੌਕਾ ਮਿਲ ਗਿਆ । ਜਹਾਂਗੀਰ ਨੂੰ ਭੜਕਾਇਆ ਗਿਆ । ਜਹਾਂਗੀਰ ਦੇ ਹੁਕਮ ਅਨੁਸਾਰ ਗੁਰੂ ਸਾਹਿਬ ਨੂੰ ਕੈਦ ਕਰ ਲਿਆ ਗਿਆ । ਆਪ ਨੂੰ ਅਸਹਿ ਤਸੀਹੇ ਦਿੱਤੇ ਗਏ . ਪਰ ਆਪ ਹਮੇਸਾਂ ' ਤੇਰਾ ਭਾਣਾ ਮੀਠਾ ਲਾਗੇ . . .' ਦਾ ਜਾਪ ਕਰਦੇ ਰਹੇ । ਅੰਤ ਵਿੱਚ ਆਪ ਨੂੰ 1606 ਈ . ਨੂੰ ਸਹੀਦ ਕਰ ਦਿੱਤਾ ਗਿਆ । ਆਪ ਨੇ ਆਪਣਾ ਬਲੀਦਾਨ ਦੇ ਕੇ ਮਨੁੱਖਤਾ ਨੂੰ ਆਤਮ ਸਤਿਕਾਰ ਨਾਲ ਜਿਉਂਣ ਦਾ ਮਾਰਗ ਦੱਸਿਆ। ਗੁਰੂ ਅਰਜਨ ਦੇਵ ਜੀ ਦੇ ਫਲਸਫੇ ਦਾ ਨਾਮ ਹੈ - ਗੁਰਮਤਿ । ਇਹ ਉਹੀ ਫਲਸਫਾ ਹੈ ਜੋ ਸਾਨੂੰ ਜੀਵਨ - ਜਾਚ ਸਿਖਾਉਂਦਾ ਹੈ , ਜੋ ਉਸ ਨਿਰਾਕਾਰ ਪਰਮਾਤਮਾ ਨੂੰ ਸਰਵ - ਸਕਤੀਮਾਨ ਸਿੱਧ ਕਰਦਾ ਹੈ ; ਇਹ ਉਹੀ ਫਲਸਫਾ ਹੈ ਜੋ ਸਾਨੂੰ ਦੱਸਦਾ ਹੈ ਕਿ ਸੰਸਾਰ ਤੋਂ ਭੱਜਣਾ ਕਾਇਰਤਾ ਹੈ , ਬੁਜਦਿਲੀ ਹੈ , ਹਾਰ ਹੈ । ਇਹ ਉਹੀ ਫਲਸਫਾ ਹੈ ਜੋ ਸਾਨੂੰ ਲੋਕ ਸੇਵਾ ਅਤੇ ਅਹਿੰਸਾ ਦਾ ਪਾਠ ਪੜ੍ਹਾਉਂਦਾ ਹੈ; ਇਹ ਉਹੀ ਫਲਸਫਾ ਹੈ ਜੋ ਬੁਰੇ ਦਾ ਭਲਾ ਕਰਨ ਦੀ ਪ੍ਰੇਰਨਾ ਦੇਂਦਾ ਹੈ ; ਇਹ ਉਹੀ ਫਲਸਫਾ ਹੈ ਜੋ ਸਾਨੂੰ ਹੰਕਾਰ ਤੋਂ ਰੋਕਦਾ ਹੈ ਅਤੇ ਚੰਗੇ - ਮੰਦੇ ਦੀ ਪਹਿਚਾਣ ਕਰਵਾਉਂਦਾ ਹੈ ; ਇਹ ਉਹੀ ਫਲਸਫਾ ਹੈ ਜੋ ਸਿਰਜਨਹਾਰ ਨੂੰ ਭੁੱਲ ਚੁੱਕੇ ਲੋਕਾਂ ਨੂੰ ਅਸਲ ਮਾਰਗ 'ਤੇ ਲੈ ਆਉਂਦਾ ਹੈ । ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫਲਸਫਾ ਗਿਆਨ ਰੂਪੀ ਅੰਜਨ ਹੈ ਜਿਸ ਨਾਲ ਸਾਡਾ ਅੰਧਕਾਰ ਮਿਟਦਾ ਹੈ - ਪਾਪ , ਦੁੱਖ , ਕਲੇਸ ਮਿਟ ਜਾਂਦੇ ਹਨ , ਹਰ ਪਾਸੇ ਸੁੱਖ - ਸਾਂਤੀ ਦਾ ਵਾਤਾਵਰਨ ਪਸਰ ਜਾਂਦਾ ਹੈ ਅਤੇ ਪਰਮਗਤ ਦੀ ਪ੍ਰਾਪਤੀ ਹੁੰਦੀ ਹੈ। ••

# ਸਿੱਖ ਧਰਮ ਵਿੱਚ ਪਹਿਲੀ ਸ਼ਹਾਦਤ ਦੇਣ ਵਾਲੇ

# ਸ੍ਰੀ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ

ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਿੱਖਾਂ ਦੇ ਪੰਜਵੇ ਗੁਰੂ ਅਤੇ ਪਹਿਲੇ ਸ਼ਹੀਦ ਸਿੱਖ ਗੁਰੂ ਸਨ। ਗੁਰ ਅਰਜਨ ਦਾ ਜਨਮ 15 ਅਪ੍ਰੈਲ, 1563 ਈ.ਨੂੰ ਗੋਇੰਦਵਾਲ ਸਾਹਿਬ ਵਿਖੇ ਹੋਇਆ। ਚੌਥੇ ਗੁਰੂ ਰਾਮਦਾਸ ਅਤੇ ਬੀਬੀ ਭਾਨੀ ਦੇ ਘਰ ਹੋਇਆ । ਗੁਰੂ ਰਾਮਦਾਸ ਜੀ ਸੋਢੀ ਜਾਤੀ ਦੇ ਖੱਤਰੀ ਸਨ ।ਉਹਨਾਂ ਦੀ ਮਾਤਾ ਧਾਰਮਿਕ ਵਿਚਾਰਾਂ ਵਾਲੀ ਸੀ ।ਗੁਰੂ ਜੀ ਜਦੋਂ ਛੋਟੇ ਸਨ ਤਾਂ ਉਹਨਾਂ ਦੇ ਨਾਨਾ ਜੀ ਗੁਰੂ ਅਮਰਦਾਸ ਜੀ ਨੇ ਇਹ ਭਵਿੱਖ ਬਾਣੀ ਕੀਤੀ ਕਿ

**"ਮੇਰਾ ਇਹ ਦੋਹਤਾ ਬਾਣੀ ਦਾ ਬੋਹਿਥਾ ਹੋਵੇਗਾ"**

ਅਰਥਾਤ ਮੇਰਾ ਇਹ ਦੋਹਤਾ ਮਾਨਵ ਜਾਤੀ ਨੂੰ ਸਰੀਰ ਰੂਪੀ ਭਵ ਸਾਗਰ ਤੋਂ ਪਾਰ ਉਤਾਰਣ ਲਈ ਬਾਣੀ ਦਾ ਸੰਪਾਦਨ ਕਰੇਗਾ। ਗੁਰੂ ਜੀ ਸ਼ਾਂਤੀ ਦੇ ਪੁੰਜ ,ਨਿਮਰ ਸੁਭਾਅ ਦੇ ਮਾਲਕ,ਅਤੇ ਬਾਣੀ ਦੇ ਬੋਹਿਥੁ ਸ੍ਰੀ ਗੁਰੂ ਅਰਜਨ ਦੇਵ ਜੀ ਜਿਨ੍ਹਾਂ ਨੂੰ ਸ਼ਹੀਦਾਂ ਦੇ ਸਰਤਾਜ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ

ਗੁਰੂ ਜੀ ਦਾ ਵਿਆਹ ਮੌ ਪਿੰਡ (ਤਹਿਸੀਲ ਫਿਲੌਰ) ਦੇ ਵਸਨੀਕ ਸ੍ਰੀ ਕਿਸ਼ਨ ਚੰਦ ਜੀ ਦੀ ਸਪੁੱਤਰੀ ਮਾਤਾ ਗੰਗਾ ਜੀ ਨਾਲ ਹੋਇਆ, ਉਸ ਵੇਲੇ ਆਪ ਜੀ ਦੀ ਉਮਰ 16 ਸਾਲ ਦੀ ਸੀ। ਬਾਬਾ ਬੁੱਢਾ ਜੀ ਦੇ ਵਰਦਾਨ ਨਾਲ ਮਾਤਾ ਗੰਗਾ ਜੀ ਦੀ ਕੁੱਖੋਂ 9 ਜੂਨ 1595 ਨੂੰ ਛੇਵੇਂ ਗੁਰੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪੁੱਤਰ ਦਾ ਜਨਮ ਹੋਇਆ ਸੀ ।ਪ੍ਰਿਥੀ ਚੰਦ ,ਮਹਾਂ ਦੇਵ ਗੁਰੂ ਜੀ ਦੇ ਭਰਾ ਸਨ। 1 ਸਤੰਬਰ 1581 ਨੂੰ ਜੋਤੀ ਜੋਤਿ ਸਮਾਉਣ ਵੇਲੇ ਸ੍ਰੀ ਗੋਇੰਦਵਾਲ



ਸਾਹਿਬ ਵਿਖੇ, ਬਾਬਾ ਬੁੱਢਾ ਸਾਹਿਬ ਜੀ ਹੱਥੋਂ ਗੁਰਿਆਈ ਦਾ ਤਿਲਕ ਬਖਸ਼ਿਸ਼ ਕੀਤਾ ਅਤੇ ਆਪ ਚੌਥੇ ਗੁਰੂ ਉਸੇ ਦਿਨ ਹੀ ਜੋਤੀ ਜੋਤਿ ਸਮਾ ਗਏ। ਉਸ ਵਕਤ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਮਰ 18 ਸਾਲ ਦੀ ਸੀ। ਦਸਤਾਰਬੰਦੀ ਦੀ ਰਸਮ ਤੋਂ ਬਾਅਦ ਆਪ ਜੀ ਅਕਤੂਬਰ ਮਹੀਨੇ ਸ੍ਰੀ ਅੰਮ੍ਰਿਤਸਰ ਆ ਗਏ। ਗੁਰੂ ਸਾਹਿਬ ਜੀ ਨੇ 1588ਈ:ਜਾਂ 1589ਈ: (ਮਾਘੀ ਵਾਲੇ ਦਿਨ) ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਦਾ ਪਵਿੱਤਰ ਕੰਮ ਮੁਸਲਮਾਨ ਫਕੀਰ ਸਾਈਂ ਮੀਆਂ ਮੀਰ (ਪੂਰਾ ਨਾਮ ਮੁਅਈਨ-ਉਲ-ਅਸਲਾਮ) ਤੋਂ ਕਰਵਾਇਆ । ਸ੍ਰੀ ਹਰਿਮੰਦਰ ਸਾਹਿਬ ਦੇ ਚਾਰੇ ਪਾਸੇ ਦਰਵਾਜ਼ੇ ਰਖਵਾਉਣ ਦਾ ਗੁਰੂ ਸਾਹਿਬ ਦਾ ਮੰਤਵ ਸਾਰੇ ਧਰਮਾਂ ਨੂੰ ਬਰਾਬਰ ਦਾ ਸਤਿਕਾਰ ਦੇਣਾ ਸੀ ।ਹਰਮਿੰਦਰ ਸਾਹਿਬ ਦੀ ਉਸਾਰੀ 1601ਈ:ਵਿੱਚ ਸੰਪੂਰਨ ਹੋਈ ।ਅੰਮ੍ਰਿਤਸਰ ਸਿੱਖਾਂ ਦਾ ਮੱਕਾ ਅਤੇ ਗੁਰੂ ਕਾਸ਼ੀ ਬਣ ਗਿਆ।

ਇਸ ਮੰਦਰ ਦੀ ਯਾਤਰਾ ਦਾ ਫਲ 68 ਤੀਰਥ -ਸਥਾਨਾਂ ਦੀ ਯਾਤਰਾ ਦੇ ਮਹਾਤਮ ਦੇ ਬਰਾਬਰ ਹੈ ।1590 ਈ.ਵਿੱਚ ਤਰਨਤਾਰਨ ਸ਼ਹਿਰ ਦੀ ਨੀਂਹ ਰੱਖੀ ਗਈ ਸੀ। 1593 ਈ.ਵਿੱਚ ਨਵੇਂ ਸ਼ਹਿਰ ਦੀ ਨੀਂਹ ਰੱਖੀ ਜਿਸਦਾ ਨਾਂ ਕਰਤਾਰਪੁਰ ਅਰਥਾਤ ਈਸ਼ਵਰ ਦਾ ਸ਼ਹਿਰ ਰੱਖਿਆ ।ਇੱਥੇ ਗੁਰੂ ਜੀ ਨੇ ਗੰਗਾ ਸਰ ਖੂਹ ਖੁਦਵਾਇਆ ।ਮਾਤਾ ਗੰਗਾ ਜੀ ਦੇ ਨਾਮ 'ਤੇ ਇਹ ਖੂਹ ਲਗਵਾਇਆ। 1594 ਈ ? ਨੂੰ ਆਪ ਜੀ ਨੇ ਗੁਰੂ ਕੀ ਵਡਾਲੀ ਨੂੰ ਧਰਮ ਪ੍ਰਚਾਰ ਹਿਤ ਪੱਕਾ ਟਿਕਾਣਾ ਬਣਾਇਆ, ਇਥੇ ਹੀ ਛੇਵੇਂ ਗੁਰੂ ਸਾਹਿਬ ਦਾ ਜਨਮ ਹੋਇਆ। ਇਨ੍ਹਾਂ ਹੀ ਸਾਲਾਂ ਵਿੱਚ ਸੋਕਾ ਪੈ ਜਾਣ ਕਾਰਨ ਜਨਤਾ ਦੀ ਲੋੜ ਨੂੰ ਮੁੱਖ ਰੱਖ



ਕੇ ਆਪ ਜੀ ਨੇ ਦੋ-ਹਰਟੇ, ਚਾਰ-ਹਰਟੇ ਖੂਹ ਲਗਵਾਏ। ਗੁਰੂ ਕੀ ਵਡਾਲੀ ਦੇ ਪੱਛਮ ਵੱਲ ਛੇ-ਹਰਟਾ ਖੂਹ (ਜਿੱਥੇ ਗੁਰਦੁਆਰਾ ਛੇਹਰਟਾ ਸਾਹਿਬ ਹੈ) ਲਗਵਾਇਆ। ਡੱਬੀ ਬਾਜ਼ਾਰ ਵਿੱਚ ਇੱਕ ਬਾਉਲੀ ਦਾ ਨਿਰਮਾਣ ਕਰਵਾਇਆ। 1598 ਵਿੱਚ ਹੀ ਅਕਬਰ ਬਾਦਸ਼ਾਹ ਗੋਇੰਦਵਾਲ ਵਿਖੇ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿੱਚ ਹਾਜ਼ਰ ਹੋਇਆ ਉਸ ਨੇ ਗੁਰੂ ਜੀ ਵਲੋਂ ਲਾਹੌਰ ਕਾਲ ਸਮੇਂ ਪੀੜਤ ਲੋਕਾਂ ਦੀ ਸੇਵਾ ਲਈ ਸ਼ੁਕਰਾਨਾ ਕੀਤਾ ।ਗੁਰੂ ਜੀ ਨੇ ਮਸੰਦ ਪ੍ਰਥਾ ਦਾ ਸੰਗਠਨ ਕੀਤਾ ।ਗੁਰੂ ਜੀ ਨੇ 1604 ਵਿੱਚ ਆਦਿ ਗ੍ਰੰਥ ਸਾਹਿਬ ਜੀ ਦਾ ਸੰਕਲਨ ਕੀਤਾ । ਇਹ ਮਹਾਨ ਗ੍ਰੰਥ ਤਿਆਰ ਕੀਤਾ ਜਿਸ ਵਿੱਚ 36 ਮਹਾਂਪੁਰਸ਼ਾਂ ਦੀ ਬਾਣੀ ਅੰਕਿਤ ਕੀਤੀ ਜਿਨ੍ਹਾਂ ਵਿੱਚ ਛੇ ਗੁਰੂ ਸਾਹਿਬਾਨ ਦੀ ਬਾਣੀ, 976 ਗੁਰੂ ਨਾਨਕ ਦੇਵ ਜੀ ,62 ਅੰਗਦ ਦੇਵ ਜੀ,907 ਗੁਰੂ ਅਮਰਦਾਸ ਜੀ,679 ਗੁਰੂ ਰਾਮ ਦਾਸ ਜੀ 2216 ਗੁਰੂ ਅਰਜਨ ਦੇਵ ਜੀ ਦੇ ਸ਼ਬਦ ਦਿੱਤੇ ਗਏ ਹਨ ।15 ਭਗਤਾਂ , 11 ਭੱਟਾਂ ਅਤੇ ਚਾਰ ਗੁਰੂ ਘਰ ਦੇ ਸਿੱਖਾਂ ਦੀ ਬਾਣੀ ਦਾ ਸੰਗ੍ਰਹਿ ਤਿਆਰ ਕੀਤਾ। ਇਸ ਸੇਵਾ ਲਈ ਭਾਈ ਗੁਰਦਾਸ ਜੀ ਨੇ ਆਪਣੀ ਲੇਖਣੀ ਦੁਆਰਾ ਮਹਾਨ ਯੋਗਦਾਨ

ਆਵਾਜ਼ਿ ਕੌਮ AWAZE QAUM International Newspaper & WEB TV

ਪਾਇਆ। ਗੁਰੂ ਸਾਹਿਬ ਜੀ ਨੇ ਆਪਣੀ ਦੇਖ ਰੇਖ ਹੇਠ ਜਿਲਦ ਸਾਜ ਕੀਤੀ ਅਤੇ 30 ਅਗਸਤ 1604 ਨੂੰ ਇਸ ਇਲਾਹੀ ਗ੍ਰੰਥ ਦਾ ਪਹਿਲੀ ਵਾਰ ਦਰਬਾਰ ਸਾਹਿਬ ਅੰਦਰ ਪ੍ਰਕਾਸ਼ ਕੀਤਾ ਗਿਆ, ਬਾਬਾ ਬੁੱਢਾ ਜੀ ਨੇ ਪ੍ਰਥਮ ਗ੍ਰੰਥੀ ਦੇ ਤੌਰ 'ਤੇ ਪਹਿਲਾ ਹੁਕਮਨਾਮਾ ਲਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਵੀ ਬਹੁਤ ਸਾਰੀ ਬਾਣੀ ਦਾ ਉਚਾਰਣ ਕੀਤਾ। ਆਪ ਦੀਆਂ ਰਚਨਾਵਾਂ ਵਿੱਚੋਂ ਸੁਖਮਨੀ ਅਤੇ ਬਾਰਹ ਮਾਹ ਮਾਝ ਰਾਗ ਨੂੰ ਉਚਾਰਿਆ, ਜਿਸ ਨੂੰ ਸੁਣਿਆ ਅਤੇ ਪੜ੍ਹਿਆ ਜਾਂਦਾ ਹੈ । ਬਾਵਨ ਅੱਖਰੀ, ਥਿਤੀ ਅਤੇ ਰੁਤੀ ਵੀ ਵੱਡ-ਆਕਾਰੀ ਰਚਨਾਵਾਂ ਹਨ ।ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਮੁੱਖ ਕਾਰਨ ਸਮਰਾਟ ਜਹਾਂਗੀਰ ਦੀ ਧਾਰਮਿਕ ਕੱਟੜਤਾ ਸੀ ।ਉਹ ਆਪਣੇ ਧਰਮ ਤੋ ਬਿਨਾਂ ਕਿਸੇ ਹੋਰ ਧਰਮ ਬਾਰੇ ਗੱਲ ਸਹਿਣ ਨਹੀਂ ਕਰ ਸਕਦਾ ਸੀ ।ਸਰਹਿੰਦ ਦੇ ਨਕਸਬੰਦੀਆਂ ,ਜਿੰਨਾਂ ਦਾ ਮੁਖੀ ਸ਼ੇਖ ਅਹਿਮਦ ਸੀ ।ਨੇ ਵੀ ਗੁਰੂ ਸਾਹਿਬ ਨਾਲ ਈਰਖਾ ਕਰਦੇ ਹੋਏ ਮੁਗਲ ਬਾਦਸ਼ਾਹ ਨੂੰ ਉਹਨਾਂ ਦੇ ਵਿਰੁੱਧ ਉਕਸਾਇਆ ।ਦੀਵਾਨ ਚੰਦਰ ਸ਼ਾਹ ਨੇ ਵੀ ਬਾਦਸ਼ਾਹ ਦੇ ਕੰਨ ਭਰੇ ।ਗੁਰੂ ਜੀ ਦੀ ਸ਼ਹੀਦੀ ਦਾ ਅਸਲ ਕਾਰਨ ਇਹ ਬਣਿਆਂ ਕਿ ਗੁਰੂ ਜੀ ਨਰਾਜਕੁਨਾਰ ਖੁਸਰੋ ਦੀ ਸਹਾਇਤਾ ਕੀਤੀ ਸੀ ।ਮੁਗਲ ਬਾਦਸ਼ਾਹ ਨੇ ਗੁਰੂ ਜੀ 'ਤੇ ਰਾਜਾ ਖੁਸਰੋ ਦੀ ਸਹਾਇਤਾ ਦਾ ਇਲਜਾਮ ਲਾ ਕੇ ਉਹਨਾਂ ਉੱਤੇ ਦੋ ਲੱਖ ਰੁਪਏ ਜੁਰਮਾਨਾ ਕਰ ਦਿੱਤਾ ।ਜਦੋਂ ਗੁਰੂ ਜੀ ਨੇ ਜੁਰਮਾਨਾ ਦੇਣ ਤੋ ਇਨਕਾਰ ਕਰ ਦਿੱਤਾ ਤਾਂ ਉਨਾਂ ਨੂੰ ਬੰਦੀ ਬਣਾ ਲਿਆ ਗਿਆ। ਗੁਰੂ ਸਾਹਿਬ ਨੂੰ ਤੱਤੀ ਤਵੀ 'ਤੇ ਬਿਠਾ ਕੇ ਸੀਸ 'ਤੇ ਤੱਤੀ ਰੇਤ ਪਾਈ ਗਈ ਅਤੇ ਬਾਅਦ ਵਿੱਚ ਉਬਲਦੇ ਪਾਣੀ ਦੀ ਦੇਗ ਵਿੱਚ ਪਾਇਆ ਗਿਆ। ਪਰ ਗੁਰੂ ਸਾਹਿਬ ਨੇ 'ਤੇਰਾ ਕੀਆ ਮੀਠਾ ਲਾਗੇ ' ਦੀ ਧੁਨੀ ਜਾਰੀ ਰੱਖੀ ।ਮਈ 1606 ਈਂ. ਵਿੱਚ ਸ਼ਹੀਦ ਕਰ ਦਿੱਤਾ ਗਿਆ ।ਸਿੱਖ ਧਰਮ ਵਿੱਚ ਗੁਰੂ ਅਰਜਨ ਦੇਵ ਜੀ ਸ਼ਹਾਦਤ ਦੇਣ ਵਾਲੇ ਪਹਿਲੇ ਸ਼ਹੀਦ ਗੁਰੂ ਸਨ।

**-ਗਗਨਦੀਪ ਧਾਲੀਵਾਲ, ਬਰਨਾਲਾ**

# ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਦੀ ਲਾਸਾਨੀ ਸ਼ਹਾਦਤ ਨੂੰ

# ਕੋਟਿਨ-ਕੋਟਿ ਪ੍ਰਣਾਮ



"ਮਰੋ ਧਰਮ ਬਦਲੇ ਸਿਦਕਵਾਨ ਹੋ ਕੇ"
ਅੱਖਰ ਰੱਤ ਦੇ ਨਾਲ ਲਿਖਾ ਰਿਹਾ ਸੀ।
ਕਦੇ ਲੋਹ ਤੇ ਚੌਂਕੜੀ ਲਾ ਰਿਹਾ ਸੀ
ਕਦੇ ਉਬਲਦੀ ਦੇਗ ਵਿਚ ਨਿਹਾਅ ਰਿਹਾ ਸੀ।
ਭਾਣੇ ਜੱਗ ਦੇ ਉਲਟ ਸੀ ਖੇਲ ਐ ਪਰ,
ਭਾਣੇ ਵਿੱਚ ਉਹ ਭਾਣਾ ਵਰਤਾ ਰਿਹਾ ਸੀ।
ਏਕਾ ਇੱਕ ਉਂਗਲ ਨਾਲ ਦੱਸ ਪ੍ਰੀਤਮ,
ਏਕਾ ਕਰਨ ਤੇ ਮਰਨ ਸਿਖਾ ਰਿਹਾ ਸੀ!!



ਸ. ਰਘਬੀਰ ਸਿੰਘ (ਮੁੱਖ ਸੰਪਾਦਕ)
ਇੰਟਰਨੈਸ਼ਨਲ ਅਦਾਰਾ
(ਅਵਾਜ਼ਿ-ਕੌਮ ਟੀਵੀ ਇੰਗਲੈਂਡ)

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ



ਸ. ਗੁਰਜੰਟ ਸਿੰਘ ਖਾਲਸਾ
ਇੰਟਰਨੈਸ਼ਨਲ ਅਦਾਰਾ
(ਅਵਾਜ਼ਿ-ਕੌਮ ਟੀਵੀ ਇੰਗਲੈਂਡ)

# ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਤੇ ਪ੍ਰਣਾਮ




## Dhan Sri Guru Arjan Dev Ji de Shaheedi Gurpurab Te Parnam

www.damdamitaksal.net

ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੀ ਜਿੱਤ ਦੀ ਖੁਸ਼ੀ 'ਚ ਗੁਰਦੁਆਰਾ ਨਾਨਕਸਰ ਵਿਖੇ ਗੁਰਮਤਿ ਸਮਾਗਮ 13 ਤੋਂ 15 ਤੱਕ

# ਅੰਮ੍ਰਿਤ ਸੰਚਾਰ ਕਰਵਾਇਆ ਜਾਵੇਗਾ : ਬਾਬਾ ਬਿਬੇਕ ਸਿੰਘ





**ਜੰਡਿਆਲਾ ਗੁਰੂ, 9 ਜੂਨ ( ਕੁਲਵੰਤ ਸਿੰਘ ਵਿਰਦੀ)**-ਅੱਜ ਗਹਿਰੀ ਮੰਡੀ ਵਿਖੇ ਸ਼ਹੀਦ ਬਾਬਾ ਸ਼ਿਵੰਦਰ ਸਿੰਘ ਜੀ ਦੀ ਯਾਦ ਵਿੱਚ ਗੁਰਮਤਿ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਰਾਗੀ ਢਾਡੀ ਗੁਰੂ ਘਰ ਦੇ ਪ੍ਰਚਾਰਕਾਂ ਨੇ ਹਾਜ਼ਰੀ ਲਗਵਾਈ ਇਸ ਮੌਕੇ ਬਾਬਾ ਬਿਬੇਕ ਸਿੰਘ ਜੀ ਨਾਲ ਵਿਸ਼ੇਸ਼ ਗੱਲਬਾਤ ਕੀਤੀ ਗਈ ਜਿਸ ਵਿੱਚ ਉਨ੍ਹਾਂ ਕਿਹਾ ਕਿ ਸਾਡੇ ਬਹੁਤ ਵੱਡੇ ਭਾਗ ਹਨ ਅੱਜ ਜੋ ਸੰਗਤਾਂ ਦੇ ਦਰਸ਼ਨ ਕਰਨ ਦਾ ਸਮਾਂ ਪ੍ਰਾਪਤ ਹੋਇਆ ਹੈ ਅੱਗੇ ਉਨ੍ਹਾ ਕਿਹਾ ਕਿ ਲੋਕ ਸਭਾ ਹਲਕਾ ਖਡੂਰ ਸਾਹਿਬ ਜੀ ਤੋਂ ਵਾਰਿਸ ਪੰਜਾਬ ਦੇ ਮੁੱਖੀ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਵੱਲੋਂ ਆਜ਼ਾਦ ਉਮੀਦਵਾਰ ਵਜੋਂ ਚੋਣਾਂ ਵਿੱਚ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨ ਤੇ ਸੰਗਤਾਂ ਵੱਲੋਂ ਵੱਖ ਵੱਖ ਜਗ੍ਹਾ ਤੇ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ ਜਾ ਰਿਹਾ ਹੈ ਜਿਸ ਦੇ ਚੱਲਦਿਆਂ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਵਿਖੇ ਵੀ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਗੁਰਮਤਿ ਸਮਾਗਮ ਤੇ ਅੰਮ੍ਰਿਤ ਸੰਚਾਰ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੀ ਜਿੱਤ ਦੀ ਖੁਸ਼ੀ ਵਿੱਚ ਅਤੇ ਭਾਈ ਸਾਹਬ ਦੀ ਚੜ੍ਹਦੀ ਕਲ੍ਹਾ ਲਈ ਦੂਖ ਨਿਵਾਰਨ ਕੈਂਪ ਲਗਾਏ ਜਾ ਰਹੇ ਹਨ ਅਤੇ 13 ਜੂਨ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ ਜਿਨ੍ਹਾਂ ਦੇ ਭੋਗ 15 ਜੂਨ ਨੂੰ ਪਾਏ ਜਾਣਗੇ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨੂੰ ਮੰਨਦਿਆਂ ਹੋਇਆਂ ਭਾਈ ਅੰਮ੍ਰਿਤਪਾਲ ਸਿੰਘ ਜੀ ਵੱਲੋਂ ਅਪਣਾਈ ਗਈ ਵੀਚਾਰਧਾਰਾ ਦੀ ਲੜੀ ਤਹਿਤ 15 ਜੂਨ ਨੂੰ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਇਆ ਜਾਵੇਗਾ ਜਿਨ੍ਹਾਂ ਪ੍ਰਾਣੀਆਂ ਅੰਮ੍ਰਿਤ ਛਕ ਕੇ ਗੁਰੂ ਕਿ ਜਹਾਜੇ ਚੜ੍ਹਨਾ ਹੈ ਉਹ ਪ੍ਰਾਣੀ ਆਪਣੇ ਨਾਮ ਇਸ ਨੰਬਰ 97810- 13856 ਤੇ ਦਰਜ਼ ਕਰਵਾਉਣ ਅਤੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਅੱਗੇ ਬਾਬਾ ਬਿਬੇਕ ਸਿੰਘ ਨੇ ਸਮੂਹ ਇਲਾਕਾ ਨਿਵਾਸੀ ਸੰਗਤਾਂ ਨੂੰ ਬੇਨਤੀ ਕੀਤੀ ਕਿ 13 ਜੂਨ ਤੋਂ ਲੈਕੇ 15 ਜੂਨ ਤੱਕ ਗੁਰਮਤਿ ਸਮਾਗਮ ਵਿੱਚ ਹਾਜ਼ਰੀਆਂ ਭਰੋ ਅਤੇ ਜਿਨ੍ਹਾਂ ਪ੍ਰਾਣੀਆਂ ਅਜੇ ਤੱਕ ਅੰਮ੍ਰਿਤ ਨਹੀਂ ਛਕਿਆ ਉਨ੍ਹਾਂ ਨੂੰ ਪ੍ਰੇਰਿਤ ਕਰੋ।ਆਈਆਂ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੇ ਅਤੁੱਟ ਲੰਗਰ ਛਕਾਏ ਜਾਣਗੇ ਇਸ ਮੌਕੇ ਭਾਈ ਹਰਪ੍ਰੀਤ ਸਿੰਘ ਜੱਲੂਪੁਰ ਖੇੜਾ, ਭਾਈ ਅਮਨਦੀਪ ਸਿੰਘ ਡੱਡੂਆਣਾ, ਭਾਈ ਤਰਲੋਕ ਸਿੰਘ ਬਿੱਟਾ, ਭਾਈ ਮਨਦੀਪ ਸਿੰਘ ਕੋਟ ਦੂਨਾ, ਭਾਈ ਮਨਪ੍ਰੀਤ ਸਿੰਘ, ਭਾਈ ਬਿਕਰਮਜੀਤ ਸਿੰਘ ਗਹਿਰੀ ਮੰਡੀ ਜਥੇ ਬਲਵੰਤ ਸਿੰਘ ਪੰਡੋਰੀ ਆਦਿ ਹਾਜ਼ਰ ਸਨ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ 1984 ਦੇ ਸ਼ਹੀਦ ਸਿੰਘਾਂ ਦੀ ਸ਼ਹਾਦਤ ਨੂੰ ਸਮਰਪਿਤ ਬਾਬਾ ਸ਼੍ਰੀ ਚੰਦ ਕਲੋਨੀ ਦੇ ਪਰਿਵਾਰਾਂ ਨੇ ਛਬੀਲ ਅਤੇ ਲੰਗਰ ਦੀ ਸੇਵਾ ਕੀਤੀ

# ਵੀਰਾਂ ਨਾਲ ਬੀਬੀਆਂ ਅਤੇ ਬੱਚਿਆਂ ਨੇ ਵੀ ਸੇਵਾ ਵਿੱਚ ਆਪਣਾ ਯੋਗਦਾਨ ਪਾਇਆ









**ਅੰਮ੍ਰਿਤਸਰ, 9 ਜੂਨ (ਆਵਾਜ਼ਿ ਕੌਮ ਬਿਊਰੋ)**-ਮਿਤੀ 8 ਜੂਨ ਨੂੰ ਬਾਬਾ ਸ਼੍ਰੀ ਚੰਦ ਕਲੋਨੀ ਦੇ ਵਾਸੀਆਂ ਨੇ ਮਿਲਕੇ ਮਜੀਠਾ ਵੇਰਕਾ ਬਾਈਪਾਸ ਰੋਡ ਉੱਤੇ ਮਿੱਠੇ ਜੱਲ ਦੀ ਛਬੀਲ ਅਤੇ ਚਣਿਆਂ ਦਾ ਲੰਗਰ ਲਾਇਆ। ਇਸ ਛਬੀਲ ਅਤੇ ਲੰਗਰ ਵਿੱਚ ਕਲੋਨੀ ਦੇ ਤਕਰੀਬਨ ਸਾਰੇ ਪਰਿਵਾਰਾਂ ਨੇ ਸ਼ਮੂਲੀਅਤ ਕੀਤੀ। ਵੀਰਾਂ ਦੇ ਨਾਲ ਨਾਲ ਬੀਬੀਆਂ ਅਤੇ ਬੱਚਿਆਂ ਨੇ ਵੱਧ ਚੜ ਕੇ ਸੇਵਾ ਵਿੱਚ ਆਪਣਾ ਯੋਗਦਾਨ ਪਾਇਆ। ਸਿੱਖ ਪਰਿਵਾਰਾਂ ਵੱਲੋਂ ਆਪਣੇ ਗੁਰੂਆਂ ਦੀ ਸ਼ਹਾਦਤ ਅਤੇ ਸ਼ਹੀਦ ਪਰਿਵਾਰਾਂ ਦੀ ਸ਼ਹਾਦਤ ਨੂੰ ਕੋਟਿਨ ਕੋਟਿਨ ਨਮਨ ਕਰਦੇ ਹੋਏ ਆਪਣੀ ਅਗਲੇਰੀ ਪੀੜੀ ਨੂੰ ਆਪਣੇ ਸਿੱਖ ਕੌਮ ਦੇ ਗੌਰਵਮਈ ਇਤਿਹਾਸ ਨਾਲ ਜੋੜਣ ਦੀ ਇਹ ਇੱਕ ਨਿਮਾਣੀ ਜਿਹੀ ਕੋਸ਼ਸ਼ ਹੁੰਦੀ ਹੈ। ਜੋ ਤਕਰੀਬਨ ਹਰ ਸਿੱਖ ਪਰਿਵਾਰ ਚਾਹੁੰਦਾ ਹੈ ਕਿ ਕਿਨਕਾ ਮਾਤਰ ਹੀ ਸਹੀ ਪਰ ਉਸਦੇ ਹਿੱਸੇ ਆਵੇ। ਅਸੀ ਭਾਵੇਂ ਕਿੰਨੇ ਵੀ ਪੱਛਮੀ ਸੱਭਿਅਤਾ ਨੂੰ ਅਪਣਾ ਲਈਏ ਪਰ ਆਪਣੇ ਵਿਰਸੇ ਅਤੇ ਆਪਣੇ ਸਿੱਖ ਇਤਿਹਾਸ ਤੋਂ ਕਦੇ ਵੀ ਟੁੱਟ ਕੇ ਨਹੀਂ ਰਹਿ ਸਕਦੇ। 8 ਜੂਨ ਨੂੰ ਧੰਨ ਧੰਨ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਅਤੇ 1984 ਵਿੱਚ ਜੂਨ ਮਹੀਨੇ ਵਿੱਚ ਜੋ ਘੱਲੂਘਾਰਾ ਸ਼੍ਰੀ ਅਕਾਲ ਤਖ਼ਤ ਸਾਹਿਬ ਉੱਤੇ ਭਾਰਤ ਦੀ ਸਰਕਾਰ ਅਤੇ ਫ਼ੌਜ ਨੇ ਕੀਤਾ ਸੀ। ਉਸ ਵਿੱਚ ਹੋਏ ਸਾਰੇ ਸ਼ਹੀਦ ਪਰਿਵਾਰਾਂ ਨੂੰ ਯਾਦ ਕਰਦਿਆਂ ਬਾਬਾ ਸ਼੍ਰੀ ਚੰਦ ਕਲੋਨੀ ਦੇ ਸਭ ਪਰਿਵਾਰਾਂ ਨੇ ਆਪਣੀ ਨੇਕ ਕਮਾਈ ਵਿੱਚੋਂ ਦਸਵੰਧ ਕੱਢਦੇ ਹੋਏ ਸੇਵਾ ਨਿਭਾਈ। ਇਤਿਹਾਸਕ ਸਮਾਗਮਾਂ ਉੱਤੇ ਬਾਬਾ ਸ਼੍ਰੀ ਚੰਦ ਕਲੋਨੀ ਦੇ ਪਰਿਵਾਰਾਂ ਵੱਲੋਂ ਕੀਤੇ ਜਾਂਦੇ ਇਸ ਤਰਾਂ ਦੇ ਉਪਰਾਲੇ ਸ਼ਲਾਘਾਯੋਗ ਹਨ ਅਤੇ ਇੰਨਾਂ ਸਮਾਗਮਾਂ ਵਿੱਚ ਹਿੱਸਾ ਪਾਉਣ ਵਾਲੇ ਸਾਰੇ ਪਰਿਵਾਰ ਸਤਿਕਾਰ ਯੋਗ ਹਨ। ਇੰਨਾਂ ਸਮਾਗਮਾਂ ਰਾਹੀਂ ਅਸੀਂ ਆਪਣੇ ਬੱਚਿਆਂ ਨੂੰ ਆਪਣੇ ਗੌਰਵਮਈ ਇਤਿਹਾਸ ਨਾਲ ਜੋੜਣ ਦਾ ਇੱਕ ਉਪਰਾਲਾ ਕਰ ਸਕਦੇ ਹਾਂ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਭੈਣ ਕੁਲਵਿੰਦਰ ਕੌਰ ਦੀ ਡੱਟ ਕੇ ਮਦਦ ਕਰਨ ਦਾ ਐਲਾਨ : ਪ੍ਰਧਾਨ ਗੁਰਭੇਜ ਸਿੰਘ ਪੱਡਾ

## ਕੰਗਣਾ ਰਣੌਤ ਮਸਲੇ ਚ ਸਰਕਾਰ ਵੱਲੋਂ ਸਖਤ ਕਾਰਵਾਈ ਹੋਈ ਤਾਂ ਵਿੱਢਿਆ ਜਾਵੇਗਾ ਸੰਘਰਸ਼



**ਚੌਕ ਮਹਿਤਾ, 9 ਜੂਨ(ਬਾਬਾ ਸੁਖਵੰਤ ਸਿੰਘ ਚੰਨਣਕੇ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜਿਲਾ ਅੰਮ੍ਰਿਤਸਰ ਤੋਂ ਸਰਕਲ ਪ੍ਰਧਾਨ ਗੁਰਭੇਜ ਸਿੰਘ ਪੱਡਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪਿਛਲੇ ਦਿਨੀ ਚੰਡੀਗੜ੍ਹ ਏਅਰਪੋਰਟ ਤੇ ਸੀ.ਆਈ.ਐਸ.ਐਫ ਦੀ ਮਹਿਲਾ ਜਵਾਨ ਕੁਲਵਿੰਦਰ ਕੌਰ ਵੱਲੋਂ ਸਕਿਉਰਿਟੀ ਨੂੰ ਮੁੱਖ ਰੱਖਦੇ ਹੋਏ ਕੰਗਣਾ ਰਣੌਤ ਨੂੰ ਆਪਣਾ ਮੋਬਾਇਲ ਤੇ ਪਰਸੈਟ ਟਰੇਅ ਵਿੱਚ ਰੱਖ ਕੇ ਸਕੈਨ ਕਰਵਾਉਣ ਲਈ ਕਿਹਾ ਗਿਆ ਸੀ ਇਸ ਦੇ ਦੌਰਾਨ ਕੰਗਣਾ ਰਣੋਤ ਵੱਲੋਂ ਆਪਣੇ ਐਮ ਪੀ ਅਹੁਦੇ ਦੇ ਹੰਕਾਰ ਵਿੱਚ ਰਹਿੰਦੇ ਹੋਏ ਚੈਕਿੰਗ ਕਰਵਾਉਣ ਤੋਂ ਨਾ ਕਰ ਦਿੱਤੀ ਗਈ ਤੇ ਡਿਊਟੀ ਤੇ ਤੈਨਾਤ ਭੈਣ ਕੁਲਵਿੰਦਰ ਕੌਰ ਨਾਲ ਮਾੜੀ ਸ਼ਬਦਾਵਲੀ ਵਰਤੀ ਗਈ ਜਿਸ ਦੀ ਜਥੇਬੰਦੀ ਭਰਪੂਰ ਨਿੰਦਾ ਕਰਦੀ ਹੈ। ਪ੍ਰਧਾਨ ਗੁਰਭੇਜ ਸਿੰਘ ਪੱਡਾ ਨੇ ਅੱਗੇ ਕਿਹਾ ਕਿ ਕੰਗਣਾ ਰਣੌਤ ਪਹਿਲਾਂ ਕਿਸਾਨਾਂ ਮਜ਼ਦੂਰਾਂ ਦੀਆਂ ਮਾਵਾਂ ਭੈਣਾਂ ਵਿਰੁੱਧ ਦਿੱਲੀ ਅੰਦੋਲਨ ਸਮੇਂ ਵਿਵਾਦਿਤ ਬਿਆਨ ਦਿੰਦੀ ਰਹੀ ਤੇ ਹੁਣ ਵੀ ਇਹ ਥੱਪੜ ਵਾਲੀ ਸਾਰੀ ਘਟਨਾ ਜੋ ਸਾਹਮਣੇ ਆਉਣ ਤੋਂ ਬਾਅਦ ਬਿਨਾਂ ਤੱਥਾਂ ਦੇ ਪੰਜਾਬ ਵਿੱਚ ਅੱਤਵਾਦਬਾਰੇ ਬਿਆਨ ਦੇ ਰਹੀ ਹੈ ਜੋ ਸਰਾਸਰ ਗਲਤ ਹੈ। ਉਨ੍ਹਾਂ ਕਿਹਾ ਕਿ ਅਸੀਂ ਮੰਗ ਕਰਦੇ ਹਾਂ ਕਿ ਉਸ ਵੱਲੋਂ ਬੇਤੁਕੀ ਕੀਤੀ ਬਿਆਨਬਾਜੀ ਤੇ ਸਰਕਾਰ ਤੇ ਪ੍ਰਸ਼ਾਸਨ ਕਾਰਵਾਈ ਕਰੇ ਅਤੇ ਪਿਛਲੇ ਦਿਨੀ ਜੋ ਘਟਨਾ ਦੀ ਬਗੈਰ ਜਾਂਚ ਕੀਤੇ ਭੈਣ ਕੁਲਵਿੰਦਰ ਕੌਰ ਨੂੰ ਸਸਪੈਂਡ ਕੀਤਾ ਗਿਆ ਹੈ ਉਸ ਨੂੰ ਬਹਾਲ ਕੀਤਾ ਜਾਵੇ ਪੱਡਾ ਨੇ ਕਿਹਾ ਕਿ ਜੇਕਰ ਸਰਕਾਰ ਵੱਲੋਂ ਭੈਣ ਕੁਲਵਿੰਦਰ ਕੌਰ ਤੇ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਤਾਂ ਜਥੇਬੰਦੀ ਵੱਲੋਂ ਤਿੱਖਾ ਸੰਘਰਸ਼ ਕੀਤਾ ਜਾਵੇਗਾ ਜਿਸ ਦੀ ਜਿੰਮੇਵਾਰੀ ਸਰਕਾਰ ਦੀ ਹੋਵੇਗੀ।ਇਸ ਮੌਕੇ ਸਨਦੀਪ ਸਿੰਘ, ਅਜੇਦੀਪ ਸਿੰਘ, ਸੁਖਦੇਵ ਸਿੰਘ ,ਕੇਵਲ ਸਿੰਘ, ਤਰਸੇਮ ਸਿੰਘ ਆਦਿ ਕਿਸਾਨ ਆਗੂ ਹਾਜ਼ਰ ਸਨ।

# ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਗੁਰਦੁਆਰਾ ਸਾਹਿਬ ਕਿਚਨਰ ਵਾਟਰਲੂ (ਕੈਨੇਡਾ) ਦੀ ਲਾਇਬ੍ਰੇਰੀ ਨੂੰ ਭੇਟ ਕੀਤੀਆਂ



**ਚੌਕ ਮਹਿਤਾ, 9 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਪ੍ਰਧਾਨ ਸ: ਸੰਤੋਖ ਸਿੰਘ ਗੁਰਾਇਆ ਅੱਜਕੱਲ੍ਹ ਕੈਨੇਡਾ ਗਏ ਹੋਏ ਹਨ। ਅੱਜ ਉਨ੍ਹਾਂ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਦੁਆਰਾ ਸੰਪਾਦਿਤ ਕੀਤੀਆਂ ਸਭਾ ਦੀਆਂ ਦੋ ਧਾਰਮਿਕ ਪੁਸਤਕਾਂ 'ਹਿੰਦ ਦੀ ਚਾਦਰ' ਅਤੇ 'ਧਨੁ ਲੇਖਾਰੀ ਨਾਨਕਾ' ਗੁਰਦੁਆਰਾ ਸਾਹਿਬ ਕਿਚਨਰ ਵਾਟਰਲੂ (ਕੈਨੇਡਾ) ਦੀ ਲਾਇਬ੍ਰੇਰੀ ਨੂੰ ਭੇਟ ਕੀਤੀਆਂ । ਇਸਤੋਂ ਇਲਾਵਾ ਉਨ੍ਹਾਂ ਨੇ ਆਪਣੇ ਪਿੰਡ ਟੌਂਗ ਅਤੇ ਫੇਰੂਮਾਨ ਨਾਲ ਸਬੰਧਿਤ ਖੋਜ ਭਰਪੂਰ ਪਸੁਤਕਾਂ ਵੀ ਉਕਤ ਲਾਇਬਰੇਰੀ ਦੇ ਪ੍ਰਬੰਧਕਾਂ ਨੂੰ ਭੇਟ ਕੀਤੀਆਂ । ਇਸ ਮੌਕੇ ਲਾਇਬ੍ਰੇਰੀ ਦੇ ਇੰਚਾਰਜ ਸ: ਉਪਦੇਸ਼ ਪਾਲ ਸਿੰਘ ਨੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਧਾਰਮਿਕ, ਸਮਾਜਿਕ ਅਤੇ ਸਾਹਿਤਕ ਖੇਤਰ ਵਿੱਚ ਲਗਾਤਾਰ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ । ਇਸ ਮੌਕੇ ਅੰਗਦ ਸਿੰਘ ਬੰਨੀ ਅਤੇ ਚਾਂਦ ਸਹਿਗਲ ਵੀ ਹਾਜ਼ਰ ਸਨ ।

# ਰਵਨੀਤ ਸਿੰਘ ਬਿੱਟੂ ਨੂੰ ਕੇਂਦਰੀ ਰਾਜ ਮੰਤਰੀ ਬਣਾਉਣ ਤੇ ਆਗੂਆਂ ਅਤੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ



ਲੁਧਿਆਣਾ -(ਵਰਿਆਮ ਹਠੂਰ) ਬੀ ਜੇ ਪੀ ਦੀਆਂ ਜੜ੍ਹਾਂ ਪੰਜਾਬ ਵਿੱਚ ਵੀ ਮਜ਼ਬੂਤ ਹੋਣ ਲੱਗੀਆਂ ਹਨ। ਲੋਕ ਸਭਾ ਚੋਣਾਂ ਵਿੱਚ ਬੀ ਜੇ ਪੀ ਨੂੰ ਵੋਟ ਅਤੇ ਸਪੋਟ ਕਰਨ ਵਾਲਿਆਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ, ਬੀ ਜੇ ਪੀ ਦੇ ਆਗੂਆਂ ਅਤੇ ਵਰਕਰਾਂ ਨੇ ਲੋਕ ਸਭਾ ਚੋਣਾਂ ਵਿੱਚ ਸਖ਼ਤ ਮਿਹਨਤ ਕੀਤੀ ਤੇ ਪੰਜਾਬ ਵਿੱਚ ਬੀ ਜੇ ਪੀ ਦੀ ਵੋਟ ਪ੍ਰਸਿੰਟਜ ਨੂੰ ਵੇਖਿਆ ਜਾਵੇ ਤਾਂ ਪਹਿਲਾਂ ਨਾਲੋਂ ਹਰ ਜਗ੍ਹਾ ਤੋਂ ਵਾਧਾ ਹੋਇਆ ਹੈ। ਤੇ ਆਉਣ ਵਾਲੇ ਸਮੇਂ ਵਿੱਚ ਬੀ ਜੇ ਪੀ ਦੀ ਪੰਜਾਬ ਵਿੱਚ ਵੋਟ ਬੈਂਕ ਵਿੱਚ ਲਗਾਤਾਰ ਵਾਧਾ ਹੋਵੇਗਾ, ਰਵਨੀਤ ਸਿੰਘ ਬਿੱਟੂ ਨੂੰ ਕੇਂਦਰੀ ਰਾਜ ਮੰਤਰੀ ਬਣਾਉਣ ਤੇ ਸਤਿਕਾਰਯੋਗ ਸ਼੍ਰੀ ਨਰਿੰਦਰ ਮੋਦੀ ਅਤੇ ਸ਼੍ਰੀ ਅਮਿਤ ਸ਼ਾਹ ਜੀ ਦਾ ਧੰਨਵਾਦ ਜੋ ਉਨ੍ਹਾਂ ਨੂੰ ਮੰਤਰੀ ਮੰਡਲ ਵਿੱਚ ਲਿਆ, ਜਿਉਂ ਹੀ ਇਹ ਖ਼ਬਰ ਆਈ ਤਾਂ ਬੀ ਜੇ ਪੀ ਦੇ ਆਗੂਆਂ ਅਤੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬੀ ਜੇ ਪੀ ਦੇ ਮੰਡਲ ਹਠੂਰ ਤੋਂ ਸਾਬਕਾ ਜਨਰਲ ਸਕੱਤਰ ਗੁਰਜੰਟ ਸਿੰਘ ਹਠੂਰ ਨੇ ਖ਼ਾਸ ਗੱਲਬਾਤ ਕਰਦਿਆਂ ਕੀਤਾ ਉਨ੍ਹਾਂ ਕਿਹਾ ਕਿ ਬੀ ਜੇ ਪੀ ਦੀ ਸੀਨੀਅਰ ਲੀਡਰਸ਼ਿਪ ਨਾਲ ਮਿਲ ਕੇ ਹਲਕੇ ਵਿੱਚ ਕੰਮ ਕਰਾਂਗੇ, ਤੇ ਬੀ ਜੇ ਪੀ ਪਰਿਵਾਰ ਵਿੱਚ ਵਾਧਾ ਕਰਾਂਗੇ। ਉਨ੍ਹਾਂ ਅੱਗੇ ਕਿਹਾ ਕਿ ਸਤਿਕਾਰਯੋਗ ਸ: ਰਵਨੀਤ ਸਿੰਘ ਬਿੱਟੂ ਉੱਪਰ ਜ਼ਿੰਮੇਵਾਰੀ ਵਧ ਗਈ ਹੈ। ਤੇ ਉਮੀਦ ਕਰਦੇ ਹਾਂ ਕਿ ਉਹ ਆਪਣੀਆਂ ਜ਼ਿੰਮੇਵਾਰੀਆਂ ਨੂੰ ਅੱਛੇ ਢੰਗ ਨਾਲ ਨਿਭਾਉਣਗੇ। ਅੰਤ ਵਿੱਚ ਉਨ੍ਹਾਂ ਕਿਹਾ ਕਿ ਸਾਡੇ ਵੱਲੋਂ ਸ: ਰਵਨੀਤ ਸਿੰਘ ਬਿੱਟੂ ਨੂੰ ਕੇਂਦਰੀ ਰਾਜ ਮੰਤਰੀ ਬਣਨ ਤੇ ਬਹੁਤ ਬਹੁਤ ਮੁਬਾਰਕਾਂ।

### ਈ ਟੀ ਓ ਨੇ ਕੀਤਾ ਵੋਟਰਾਂ ਸਪੋਰਟਰਾਂ ਦਾ ਧੰਨਵਾਦ ਕਿਹਾ ਵਿਕਾਸ ਦੇ ਕੰਮ ਰਹਿਣਗੇ ਜਾਰੀ

# ਹਲਕੇ ਦੇ ਸਮੂਹ ਅਹੁਦੇਦਾਰਾਂ ਅਤੇ ਪਾਰਟੀ ਵਰਕਰਾਂ ਨਾਲ ਕੀਤੀ ਮੀਟਿੰਗ



**ਜੰਡਿਆਲਾ ਗੁਰੂ, 9 ਜੂਨ ( ਕੁਲਵੰਤ ਸਿੰਘ ਵਿਰਦੀ)**-ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਰਾਜ ਵਿੱਚ ਵਿਕਾਸ ਕਾਰਜਾਂ ਨੂੰ ਹੋਰ ਤੇਜ਼ੀ ਨਾਲ ਕਰੇਗੀ ਅਤੇ ਵਿਕਾਸ ਦੇ ਕਾਰਜ ਲਗਾਤਾਰ ਜਾਰੀ ਰਹਿਣਗੇ ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਟ ਮੰਤਰੀ ਸਰਦਾਰ ਹਰਭਜਨ ਸਿੰਘ ਈਟੀਓ ਨੇ ਜੰਡਿਆਲਾ ਹਲਕੇ ਵਿੱਚ ਪਾਰਟੀ ਦੇ ਸਮੂਹ ਅਹੁਦੇਦਾਰਾਂ, ਵਰਕਰਾਂ ਨਾਲ ਮੀਟਿੰਗ ਕਰਨ ਉਪਰੰਤ ਕੀਤਾ ।ਕੈਬਨਟ ਮੰਤਰੀ ਸਰਦਾਰ ਹਰਭਜਨ ਸਿੰਘ ਨੇ ਵਰਕਰਾਂ ਨਾਲ ਮੀਟਿੰਗ ਕਰਦਿਆਂ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਹੋਈ ਹਾਰ ਦੀ ਕਮੀਆਂ ਦੀ ਤਲਾਸ਼ ਕੀਤੀ ਜਾਵੇਗੀ ਅਤੇ ਜੋ ਕੁਝ ਵੀ ਕਮੀਆਂ ਪੇਸ਼ੀਆਂ ਰਹਿ ਗਈਆਂ ਹਨ ਉਹਨਾਂ ਨੂੰ ਦੂਰ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਸਾਡੀ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਅਤੇ ਆਮ ਲੋਕਾਂ ਦੇ ਕੰਮਾਂ ਵਿੱਚ ਕਿਸੇ ਪ੍ਰਕਾਰ ਦੀ ਵੀ ਰੁਕਾਵਟ ਨਹੀਂ ਆਉਣ ਦਿੱਤੀ ਜਾਵੇਗੀ। ਕੈਬਨਟ ਮੰਤਰੀ ਨੇ ਹਲਕੇ ਦੇ ਵਰਕਰਾਂ ਨੂੰ ਕਿਹਾ ਕਿ ਉਹ ਹੁਣ ਤੋਂ ਹੀ ਲੋਕਾਂ ਦੀਆਂ ਮੁਸ਼ਿਕਲਾਂ ਨੂੰ ਹੱਲ ਕਰਨ ਲਈ ਜੁੜ ਜਾਣ ਅਤੇ ਦਿਨ ਰਾਤ ਲੋਕਾਂ ਨੂੰ ਮੁਢਲੀਆਂ ਸਹੂਲਤਾਂ ਦੇਣ ਲਈ ਕੰਮ ਕਰਨ ਇਸ ਕੰਮ ਲਈ ਸਰਕਾਰ ਤੁਹਾਡੇ ਨਾਲ ਹੈ। ਕੈਬਨਿਟ ਮੰਤਰੀ ਸਰਦਾਰ ਹਰਭਜਨ ਸਿੰਘ ਨੇ ਕਿਹਾ ਕਿ ਵਰਕਰ ਹੀ ਸਾਡੀ ਪਾਰਟੀ ਦੀ ਰੀੜ ਦੀ ਹੱਡੀ ਹਨ ਅਤੇ ਵਰਕਰਾਂ ਨੂੰ ਕਿਸੇ ਵੀ ਕੰਮ ਦੀ ਕੋਈ ਵੀ ਮੁਸ਼ਿਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਹਨਾਂ ਕਿਹਾ ਕਿ ਪਿੰਡਾਂ ਵਿੱਚ ਵਿਕਾਸ ਕਾਰਜ ਜੰਗੀ ਪੱਧਰ ਤੇ ਕੀਤੇ ਰਹਿਣਗੇ ਉਹਨਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੀ ਦੇਖ ਰੇਖ ਹੇਠ ਵਿਕਾਸ ਕਾਰਜ ਕਰਵਾਉਣ ਅਤੇ ਜੇਕਰ ਕਿਤੇ ਕੋਈ ਕਮੀ ਰਹਿ ਜਾਂਦੀ ਹੈ ਤਾਂ ਉਹ ਸਾਡੀ ਧਿਆਨ ਵਿੱਚ ਲਿਆਂਦੀ ਜਾਵੇ ਕੈਬਨਿਟ ਮੰਤਰੀ ਸਰਦਾਰ ਹਰਭਜਨ ਸਿੰਘ ਨੇ ਮੋਦੀ ਸਰਕਾਰ ਤੇ ਤੰਜ ਕਸਦਿਆਂ ਕਿਹਾ ਕਿ ਹੁਣ ਦੇਸ਼ ਵਿੱਚ ਤਾਨਾਸ਼ਾਹੀ ਦਾ ਅਸਲੀ ਅੰਤ ਹੋਇਆ ਹੈ ਅਤੇ ਇੱਕ ਮਜਬੂਤ ਵਿਰੋਧੀ ਦਲ ਆਇਆ ਹੈ ਜੋ ਸਰਕਾਰ ਦੀਆਂ ਗਲਤ ਨੀਤੀਆਂ ਦਾ ਜਵਾਬ ਦੇਵੇਗਾ। ਉਹਨਾਂ ਕਿਹਾ ਕਿ ਪੰਜਾਬੀਆਂ ਨੇ ਇੱਕ ਵਾਰ ਫਿਰ ਮੋਦੀ ਸਰਕਾਰ ਨੂੰ ਪੰਜਾਬ ਵਿੱਚੋਂ ਕੋਈ ਵੀ ਸੀਟ ਨਾ ਦੇ ਕੇ ਇਹਨਾਂ ਦਾ ਪੰਜਾਬੀ ਵਿਰੋਧੀ ਚਿਹਰਾ ਨੰਗਾ ਕੀਤਾ ਹੈ ਅਤੇ ਪੰਜਾਬ ਦੇ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਕਿ ਭਾਜਪਾ ਸਰਕਾਰ ਦੇਸ਼ ਨੂੰ ਧਰਮ ਦੇ ਨਾਂ ਤੇ ਵੰਡਣਾ ਚਾਹੁੰਦੀ ਹੈ। ਕੈਬਨਿਟ ਮੰਤਰੀ ਸਰਦਾਰ ਹਰਭਜਨ ਸਿੰਘ ਨੇ ਆਪਣੇ ਵਲੰਟੀਅਰਾਂ ਨੂੰ ਕਿਹਾ ਕਿ ਉਹ ਹੁਣ ਤੋਂ ਹੀ ਲੋਕਾਂ ਨੂੰ ਵੱਧ ਤੋਂ ਵੱਧ ਆਪਣੇ ਨਾਲ ਜੋੜਨਾ ਸ਼ੁਰੂ ਕਰ ਕਰ ਦੇਣ ਅਤੇ ਸਰਕਾਰ ਪੰਜਾਬ ਦੇ ਲੋਕਾਂ ਨੂੰ ਮੁੜਦੀਆਂ ਸਹੂਲਤਾਂ ਦੇਣ ਲਈ ਵਚਨਬੱਧ ਰਹੇਗੀ। ਇਸ ਮੌਕੇ ਲੋਕ ਸਭਾ ਖਡੂਰ ਸਾਹਿਬ ਇੰਚਾਰਜ ਬਲਜੀਤ ਸਿੰਘ ਖਹਿਰਾ, ਜ਼ਿਲਾ ਪ੍ਰਧਾਨ ਦਿਹਾਤੀ ਬਲਵਿੰਦਰ ਸਿੰਘ ਢਿੱਲੋਂ, ਸਮੂਹ ਵਰਕਰ, ਅਹੁਦੇਦਾਰ, ਚੇਅਰਮੈਨ , ਬਲਾਕ ਪ੍ਰਧਾਨ, ਕੌਂਸਲਰ ਹਾਜ਼ਿਰ ਸਨ ।

### ਦਿਲ ਦੀਆਂ ਬਿਮਾਰੀਆਂ ਸੰਬੰਧੀ ਕਰਵਾਇਆ ਸੈਮੀਨਾਰ

# ਡਾ.ਮੰਨਨ ਨੇ ਦਿਲ ਦੀਆਂ ਬਿਮਾਰੀਆਂ, ਇਲਾਜ, ਨਵੀਆਂ ਖੋਜਾਂ ਸੰਬੰਧੀ ਦਿੱਤੀ ਜਾਣਕਾਰੀ



**ਚੌਕ ਮਹਿਤਾ, 9 ਜੂਨ ( ਬਾਬਾ ਸੁਖਵੰਤ ਸਿੰਘ ਚੰਨਣਕੇ )**- ਨੈਸ਼ਨਲ ਇੰਟੀਗਰੇਟਿਡ ਮੈਡੀਕਲ ਐਸੋਸੀਏਸ਼ਨ (ਐਨ. ਆਈ. ਐਮ. ਏ) ਅੰਮ੍ਰਿਤਸਰ ਬ੍ਰਾਂਚ ਵੱਲੋਂ ਦਿਲ ਦੀਆਂ ਬਿਮਾਰੀਆਂ ਅਤੇ ਇਸਦੀ ਰੋਕਥਾਮ ਸੰਬੰਧੀ ਇਕ ਸੈਮੀਨਾਰ ਸਥਾਨਕ ਹੋਟਲ ਵਿਖੇ ਕਰਵਾਇਆ ਗਿਆ ।ਜਿਸ ਵਿਚ ਮੁੱਖ ਬੁਲਾਰੇ ਉਤਰ ਭਾਰਤ ਦੇ ਪ੍ਰਸਿਧ ਦਿਲ ਦੇ ਰੋਗਾਂ ਦੇ ਮਾਹਿਰ ਅਤੇ ਜਨਤਾ ਹਸਪਤਾਲ ਏਅਰਪੋਰਟ ਰੋਡ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਨਨ ਆਨੰਦ ਅਤੇ ਸ਼ੂਗਰ ਰੋਗਾਂ ਦੇ ਮਾਹਿਰ ਡਾ.ਮੈਕਸਿਮਾ ਆਨੰਦ ਸਨ ।ਇਸ ਮੌਕੇ ਡਾ. ਮੰਨਨ ਆਨੰਦ ਨੇ ਆਏ ਹੋਏ ਡਾਕਟਰਾਂ ਨੂੰ ਦਿਲ ਦੀਆਂ ਬਿਮਾਰੀਆਂ, ਆਧੁਨਿਕ ਦਵਾਈਆਂ,ਇਲਾਜ,ਨਵੀਆਂ ਖੋਜਾਂ ਸਬੰਧੀ ਵਿਸਥਾਰ ਨਾਲ ਦੱਸਿਆ ।ਇਸ ਮੌਕੇ ਡਾ.ਮੰਨਨ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿਚ 40 ਸਾਲ ਤੋਂ ਘੱਟ ਉਮਰ ਦੇ ਲੋਕਾਂ ਵਿਚ ਦਿਲ ਦੇ ਦੌਰੇ ਪੈਣ ਦੀ ਗਿਣਤੀ 25 ਪ੍ਰਤੀਸ਼ਤ ਤੋਂ ਵੱਧ ਕੇ 30 ਤੋਂ 40 ਪ੍ਰਤੀਸ਼ਤ ਹੋ ਗਈ ਹੈ ਉਨ੍ਹਾਂ ਦੱਸਿਆ ਕਿ ਸ਼ੂਗਰ ਅਤੇ ਹਾਈਪਰਟੈਨਸ਼ਨ ਦੀ ਬਿਮਾਰੀ ਦਿਲ ਨਾਲ ਜੁੜੇ ਮਰੀਜ਼ਾਂ ਵਿਚ ਦਿਲ ਨਾਲ ਜੁੜੀਆਂ ਬਿਮਾਰੀਆਂ ਦਾ ਖਤਰਾ ਵੱਧ ਜਾਂਦਾ ਹੈ ਭਾਰਤ ਵਿਚ 50.8 ਮੀਲਿਅਨ ਲੋਕ ਸ਼ੂਗਰ ਦੀ ਬਿਮਾਰੀ ਤੋਂ ਪੀੜਿਤ ਹਨ ਜਿਹੜੀ ਕਿ ਇੰਟਰਨੈਸ਼ਨਲ ਡਾਇਬਟੀਜ਼ ਫੈਡਰੇਸ਼ਨ ਦੇ ਅਨੁਸਾਰ ਪੂਰੀ ਦੁਨੀਆ ਵਿਚ ਸਭ ਤੋਂ ਜ਼ਿਆਦਾ ਸ਼ਹਿਰ ਵਿਚ ਇਹ ਬਿਮਾਰੀ 6 ਤੋਂ 8 ਪ੍ਰਤੀਸ਼ਤ ਲੋਕਾਂ ਨੂੰ ਜਦਕਿ ਪਿੰਡਾਂ ਵਿਚ ਕੇਵਲ 2 ਤੋਂ 3 ਪ੍ਰਤੀਸ਼ਤ ਲੋਕ ਇਸ ਬਿਮਾਰੀ ਤੋਂ ਪੀੜਿਤ ਹਨ ਉਨ੍ਹਾਂ ਦੱਸਿਆ ਕਿ ਪੂਰੀ ਦੁਨੀਆ ਵਿਚ ਸਭ ਤੋਂ ਜ਼ਿਆਦਾ ਦਿਲ ਦੇ ਮਰੀਜ਼ ਭਾਰਤ ਵਿਚ ਹਨ ।ਉਨ੍ਹਾ ਨੇ ਕਰੋਨਾ ਦੇ ਟੀਕੇ ਲਗਾਉਣ ਵਾਲਿਆਂ ਨੂੰ ਹਾਰਟ ਪ੍ਰੋਬਲਮ ਆਉਣ ਦੀ ਅਫਵਾਹ ਨੂੰ ਮਿਥ ਦੱਸਦਿਆਂ ਕਿਹਾ ਕਿ ਕਰੋਨਾ ਦੇ ਟੀਕੇ ਲਗਾਉਣ ਵਾਲਿਆਂ ਨੂੰ ਟੀਕੇ ਕਾਰਨ ਕੋਈ ਹਾਰਟ ਪ੍ਰੋਬਲਮ ਨਹੀਂ ਆਉਂਦੀ ।ਸੈਮੀਨਾਰ ਦੌਰਾਨ ਡਾ. ਪਲਵਿੰਦਰਪਾਲ ਸਿੰਘ,ਡਾ.ਆਸ਼ਿਸ਼ ਸਹਿਦੇਵ,ਡਾ.ਪਰਮਜੀਤ ਸਿੰਘ,ਡਾ.ਐਮ.ਜੇ ਸਿੰਘ,ਵਿਨੀਤ ਅਰੋੜਾ ਅਤੇ ਹੋਰ ਡਾਕਟਰਾਂ ਵਲੋਂ ਡਾ.ਮੰਨਨ ਆਨੰਦ ਅਤੇ ਡਾ.ਮੈਕਸਿਮਾ ਆਨੰਦ ਨੂੰ ਯਾਦਗਰੀ ਚਿੰਨ੍ਹ ਭੇਂਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ.ਮਿੱਕੀ ਅਰੋੜਾ,ਅਸ਼ਵਨੀ ਸ਼ਰਮਾ, ਡਾ.ਰਾਜੇਸ਼ ਟੰਡਨ, ਡਾ.ਸ਼ੁਸ਼ੀਲ ਕੁਮਾਰ, ਡਾ.ਮਿਸੀਜ ਰੀਚਾ ਸਹਿਦੇਵ,ਡਾ.ਮਿਸੀਜ ਪੰਕਜ ਕੁਕਰੀਆ,ਡਾ.ਰਿਚਾ ਅਰੋੜਾ,ਡਾ.ਮਿਸੀਜ ਪਵਨੀਤ,ਡਾ.ਅਨੀਲ ਕਾਲੀਆ, ਡਾ.ਰੁਪਿੰਦਰ ਸਿੰਘ ਆਦਿ ਹਾਜ਼ਰ ਸਨ।

# ਖਿਆਲਾ ਚੌਂਕ ਛਾਉਣੀ ਨਿਹੰਗ ਸਿੰਘਾਂ ਵਿਖੇ ਸਾਲਾਨਾ ਜੋੜ ਮੇਲਾ ਅੱਜ : ਜਥੇ.ਬਾਬਾ ਤਰਲੋਕ ਸਿੰਘ ਭੰਗੂ



**ਚੌਕ ਮਹਿਤਾ, 9 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿੱਚ ਸਾਲਾਨਾ ਜੋੜ ਮੇਲਾ ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਖਿਆਲਾ ਚੌਂਕ, ਛਾਉਣੀ ਸ਼੍ਰੋਮਣੀ ਪੰਥ ਅਕਾਲੀ ਦਲ ਖਾਲਸਾ, ਰਾਮ ਤੀਰਥ ਰੋਡ ਵਿਖੇ ਦਲ ਪੰਥ ਦੇ ਮੁਖੀ ਸਿੰਘ ਸਾਹਿਬ ਜਥੇ.ਬਾਬਾ ਤਰਲੋਕ ਸਿੰਘ ਭੰਗੂ ਖਿਆਲੇ ਵਾਲਿਆਂ ਦੀ ਸਰਪ੍ਰਸਤੀ ਹੇਠ ਅੱਜ 10 ਜੂਨ ਦਿਨ ਸੋਮਵਾਰ ਨੂੰ ਬੜੀ ਸ਼ਰਧਾ ਭਾਵਨਾ ਸਹਿਤ ਮਨਾਇਆ ਜਾ ਰਿਹਾ ਹੈ ।ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਸੁਖਦੇਵ ਸਿੰਘ ਖਿਆਲੇ ਵਾਲਿਆਂ ਅਤੇ ਬਾਬਾ ਸਰਵਣ ਸਿੰਘ ਭੰਗੂ ਨੇ ਦੱਸਿਆ ਕਿ ਅਖੰਡ ਪਾਠ ਦੇ ਭੋਗ ਉਪਰੰਤ ਸਜਾਏ ਜਾਣ ਵਾਲੇ ਭਾਰੀ ਦੀਵਾਨ ਵਿੱਚ ਸਿੱਖ ਪੰਥ ਦੇ ਪ੍ਰਿਸੱਧ ਰਾਗੀ ਸਿੰਘ, ਕਥਾਵਾਚਕ, ਢਾਡੀ ਅਤੇ ਕਵੀਸ਼ਰੀ ਜਥੇ ਹਾਜ਼ਰੀਆਂ ਭਰ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਣਗੇ ।ਦੁਪਹਿਰ 1 ਵਜੇ ਅੰਮ੍ਰਿਤ ਦਾ ਬਾਟਾ ਤਿਆਰ ਹੋਵੇਗਾ ।ਜੋੜ ਮੇਲੇ ਸਮੇਂ ਵੱਖ-ਵੱਖ ਨਿਹੰਗ ਸਿੰਘ ਜਥੇਬੰਦੀਆਂ ਦੇ ਆਗੂ ਅਤੇ ਜਥੇਦਾਰ ਵਿਸ਼ੇਸ਼ ਤੌਰ ਤੇ ਹਾਜ਼ਰੀਆਂ ਭਰਨਗੇ ।ਸ਼ਾਮ ਨੂੰ ਨਿਹੰਗ ਸਿੰਘ ਫੌਜਾਂ ਵੱਲੋਂ ਖਾਲਸੇ ਦੀਆਂ ਰਿਵਾਇਤੀ ਖੇਡਾਂ ਘੋੜ ਦੌੜ, ਗਤਕੇਬਾਜੀ, ਨੇਜੇਬਾਜੀ ਤੇ ਤਲਵਾਰਬਾਜੀ ਦੇ ਜੌਹਰ ਵਿਖਾਏ ਜਾਣਗੇ ।ਗੁਰੂ ਜੀ ਲੰਗਰ ਅਤੁੱਟ ਵਰਤਾਏ ਜਾਣਗੇ ਅਤੇ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਲੱਗਣਗੀਆਂ ।

# ਜੂਨ 1984 ਘੱਲੂਘਾਰੇ ਦੇ ਆਖ਼ਰੀ ਸ਼ਹੀਦ ਭਾਈ ਮੇਜਰ ਸਿੰਘ ਨਾਗੋਕੇ ਦੀ ਯਾਦ ਵਿੱਚ ਸਮਾਗਮ ਅੱਜ : ਭਾਈ ਰਣਜੀਤ ਸਿੰਘ ਦਮਦਮੀ ਟਕਸਾਲ



**ਅੰਮ੍ਰਿਤਸਰ, 9 ਜੂਨ (ਆਵਾਜ਼ਿ ਕੌਮ ਬਿਊਰੋ)**-ਵੀਹਵੀਂ ਸਦੀ ਦੇ ਮਹਾਨ ਸਿੱਖ, ਜਰਨੈਲਾਂ ਦੇ ਜਰਨੈਲ ਅਤੇ ਦਮਦਮੀ ਟਕਸਾਲ ਦੇ ਚੌਦਵੇਂ ਮੁਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਵਿੱਚ ਜੂਨ 1984 ਤੇ ਘੱਲੂਘਾਰੇ ਵਿੱਚ ਸ਼ਹਾਦਤ ਦਾ ਜਾਮ ਪੀਣ ਵਾਲੇ ਅਮਰ ਸ਼ਹੀਦ ਭਾਈ ਮੇਜਰ ਸਿੰਘ ਜੀ ਨਾਗੋਕੇ ਦਾ 40ਵਾਂ ਸ਼ਹੀਦੀ ਸਮਾਗਮ ਗੁਰਦੁਆਰਾ ਬਾਬਾ ਸਾਵਣ ਮੱਲ, ਪਿੰਡ ਨਾਗੋਕੇ, ਤਹਿਸੀਲ ਸ੍ਰੀ ਖਡੂਰ ਸਾਹਿਬ, ਜ਼ਿਲਾ ਸ੍ਰੀ ਤਰਨ ਤਾਰਨ ਸਾਹਿਬ ਵਿਖੇ 10 ਜੂਨ ਨੂੰ ਖਾਲਸਾਈ ਸ਼ਾਨੋ ਸ਼ੌਕਤ ਨਾਲ ਕਰਵਾਇਆ ਜਾਏਗਾ। ਇਹ ਜਾਣਕਾਰੀ ਸਾਂਝੀ ਕਰਦਿਆਂ ਸ਼ਹੀਦ ਭਾਈ ਮੇਜਰ ਸਿੰਘ ਨਾਗੋਕੇ ਦੇ ਸਪੁੱਤਰ ਭਾਈ ਕੁਲਦੀਪ ਸਿੰਘ ਨਾਗੋਕੇ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਦੱਸਿਆ ਕਿ ਸ਼ਹੀਦੀ ਸਮਾਗਮ ਵਿੱਚ ਸੰਪਰਦਾਵਾਂ ਦੇ ਮੁਖੀ ਅਤੇ ਪੰਥਕ ਸ਼ਖਸੀਅਤਾਂ ਵੱਲੋਂ ਸੰਗਤਾਂ ਨਾਲ ਸਿੱਖ ਸੰਘਰਸ਼ ਸੰਬੰਧੀ ਵਿਚਾਰ ਸਾਂਝੇ ਕੀਤੇ ਜਾਣਗੇ ਅਤੇ ਰਾਗੀਆਂ, ਢਾਡੀਆਂ ਤੇ ਕਵੀਸ਼ਰਾਂ ਵੱਲੋਂ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਜਾਏਗਾ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਦੱਸਿਆ ਕਿ ਜਿੱਥੇ ਭਾਈ ਮਹਿੰਗਾ ਸਿੰਘ ਬੱਬਰ, ਭਾਈ ਰਾਮ ਸਿੰਘ ਦੇਗੀਆ ਅਤੇ ਭਾਈ ਬਾਜ਼ ਸਿੰਘ ਤਬਲਾ-ਵਾਦਕ ਜੂਨ 1984 ਘਲੂਘਾਰੇ ਦੇ ਪਹਿਲੇ ਸ਼ਹੀਦ ਹਨ, ਓਥੇ ਹੀ ਭਾਈ ਮੇਜਰ ਸਿੰਘ ਨਾਗੋਕੇ ਨੂੰ ਇਸ ਜੰਗ ਦਾ ਅਖੀਰਲਾ ਸ਼ਹੀਦ ਹੋਣ ਦਾ ਮਾਣ ਪ੍ਰਾਪਤ ਹੈ। ਭਾਈ ਮੇਜਰ ਸਿੰਘ ਨਾਗੋਕੇ 10 ਜੂਨ ਤਕ ਭਾਰਤੀ ਫ਼ੌਜਾਂ ਵਿਰੁੱਧ ਲੜਦੇ ਰਹੇ, ਉਹਨਾਂ ਦੀ ਮੋਰਚਾਬੰਦੀ ਅਤੇ ਦਲੇਰੀ ਵੇਖ ਕੇ ਤਾਂ ਭਾਰਤੀ ਫ਼ੌਜ ਵੀ ਹੱਕੀ-ਬੱਕੀ ਰਹਿ ਗਈ। ਭਾਈ ਮੇਜਰ ਸਿੰਘ ਨਾਗੋਕੇ ਦੀ ਸ਼ਖਸੀਅਤ 'ਚੋਂ ਸ਼ਹੀਦ ਭਾਈ ਬਚਿੱਤਰ ਸਿੰਘ ਜੀ ਦੇ ਦਰਸ਼ਨ ਹੁੰਦੇ ਹਨ। ਭਾਈ ਬਚਿੱਤਰ ਸਿੰਘ ਦਾ ਕੱਦ ਭਾਵੇਂ ਮਦਰਾ ਸੀ ਪਰ ਉਹਨਾਂ ਨੇ ਮੁਗਲ ਫ਼ੌਜਾਂ ਦੇ ਮਸਤ ਹਾਥੀ 'ਤੇ ਏਨੀ ਜ਼ੋਰ ਨਾਲ਼ ਨਾਗਣੀ-ਬਰਛਾ ਮਾਰਿਆ ਕਿ ਲੋਹੇ ਦੀਆਂ ਸੱਤ ਤਵੀਆਂ ਪਾੜ ਕੇ ਮੱਥਾ ਪਾੜ ਦਿੱਤਾ। ਇਸੇ ਤਰ੍ਹਾਂ ਭਾਈ ਮੇਜਰ ਸਿੰਘ ਨਾਗੋਕੇ ਵੀ ਭਾਰਤੀ ਫ਼ੌਜਾਂ ਲਈ ਕਾਲ ਬਣ ਗਿਆ ਤੇ ਉਹਨਾਂ ਨੇ ਸੂਰਮਗਤੀ ਨਾਲ਼ ਹਜ਼ਾਰਾਂ ਭਾਰਤੀ ਫ਼ੌਜਾਂ ਨਾਲ਼ ਮੁਕਾਬਲਾ ਕੀਤਾ ਤੇ ਸ਼ਾਨਾਮੱਤਾ ਸਿੱਖ ਇਤਿਹਾਸ ਸਿਰਜ ਦਿੱਤਾ। ਇਸ ਸੂਰਮੇ ਦੀ ਬਾਤ ਸਦਾ ਹੀ ਪੈਂਦੀ ਰਹੇਗੀ। ਉਹਨਾਂ ਨੇ ਸਮੂਹ ਸੰਗਤਾਂ ਨੂੰ ਸ਼ਹੀਦੀ ਸਮਾਗਮ ਵਿੱਚ ਹਾਜ਼ਰੀ ਭਰਨ ਦੀ ਅਪੀਲ ਵੀ ਕੀਤੀ। ਭਾਈ ਮੇਜਰ ਸਿੰਘ ਨਾਗੋਕੇ ਦੇ ਸਪੁੱਤਰ ਭਾਈ ਕੁਲਦੀਪ ਸਿੰਘ ਨੇ ਕਿਹਾ ਕਿ ਸਾਡੇ ਪਿਤਾ ਸ਼ਹੀਦ ਭਾਈ ਮੇਜਰ ਸਿੰਘ ਨਾਗੋਕੇ ਦੇ ਜੀਵਨ ਬਾਰੇ ਤਵਾਰੀਖ ਸ਼ਹੀਦ ਏ ਖਾਲਿਸਤਾਨ ਭਾਗ ਤੀਜਾ ਕਿਤਾਬ ਲਿਖਣ ਵਾਲੇ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ

# ਸਮਰਪਿਤ ਵਿਸ਼ੇਸ਼ ਚੁਪਹਿਰਾ ਜਪ ਤਪ ਸਮਾਗਮ ਕਰਵਾਇਆ ਗਿਆ




**ਚੌਕ ਮਹਿਤਾ, 9 ਜੂਨ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ ਦੇ ਮੁਖੀ ਭਾਈ ਗੁਰਇਕਬਾਲ ਸਿੰਘ ਜੀ ਅਤੇ ਭਾਈ ਅਮਨਦੀਪ ਸਿੰਘ ਜੀ ਵੱਲੋਂ ਪੰਜਵੇਂ ਗੁਰੂ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਚੁਪਹਿਰਾ ਜਪ ਤਪ ਸਮਾਗਮ ਦਾਤਾ ਬੰਦੀ ਛੋੜ ਪਬਲਿਕ ਸਕੂਲ, ਅੱਡਾ ਬਾਉਲੀ ਰਾਮ ਤੀਰਥ ਰੋਡ, ਅੰਮ੍ਰਿਤਸਰ ਵਿਖੇ ਕਰਵਾਇਆ ਗਿਆ। ਜਿਸ ਵਿੱਚ ਸਿੱਖ ਪੰਥ ਦੀਆਂ ਮਹਾਨ ਸ਼ਖਸੀਅਤਾਂ ਨੇ ਪਹੁੰਚ ਕੇ ਗੁਰੂ ਜਸ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਦੀ ਆਰੰਭਤਾ ਬਾਬਾ ਦੀਪ ਸਿੰਘ ਗੁਰਮਤ ਗਿਆਨ ਸੰਗੀਤ ਅਕੈਡਮੀ ਦੇ ਵਿਦਿਆਰਥੀਆਂ ਨੇ ਸ੍ਰੀ ਜਪੁਜੀ ਸਾਹਿਬ,ਸ਼੍ਰੀ ਚੌਪਈ ਸਾਹਿਬ, ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਕੇ ਕੀਤੀ।ਉਪਰੰਤ ਭਾਈ ਅਮਨਦੀਪ ਸਿੰਘ ਬੀਬੀ ਕੌਲਾਂ ਵਾਲਿਆਂ ਨੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਈ ਅਮਨਦੀਪ ਸਿੰਘ ਨੇ ਦੱਸਿਆ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਵਿਸ਼ੇਸ਼ ਚੁਪਹਿਰਾ ਜਪ ਤਪ ਸਮਾਗਮ ਵਿੱਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।ਇਸ ਮੌਕੇ ਭਾਈ ਸਾਹਿਬ ਨੇ ਦੱਸਿਆ ਟਰੱਸਟ ਵੱਲੋਂ ਅੰਮ੍ਰਿਤ ਵੇਲਾ* ਸਮਾਗਮ ਦਾਤਾ ਬੰਦੀ ਛੋੜ ਪਬਲਿਕ ਸਕੂਲ ਅੱਡਾ ਬਾਊਲੀ, ਰਾਮ ਤੀਰਥ ਰੋਡ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮਿਤੀ 18 ਜੂਨ ਦਿਨ ਮੰਗਲਵਾਰ ਤੋਂ 21 ਜੂਨ ਦਿਨ ਸ਼ੁਕਰਵਾਰ ਸਮਾਂ ਸਵੇਰੇ 3 ਤੋਂ 5 ਵਜੇ ਤੱਕ ਕਰਵਾਏ ਜਾ ਰਹੇ ਹਨ ਉਨ੍ਹਾਂ ਨੇ ਸੰਗਤਾਂ ਨੂੰ ਬੇਨਤੀ ਕੀਤੀ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਗੁਰੂ ਕੇ ਲੰਗਰ ਅਤੁੱਟ ਵਰਤੇ। ਇਸ ਮੌਕੇ ਭਾਈ ਅਮਤੇਸ਼ਵਰ ਸਿੰਘ, ਭਾਈ ਰੋਬਿਨ ਸਿੰਘ ,ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਕਥਾਵਾਚਕ,ਸਿਮਰਨਜੀਤ ਸਿੰਘ ਹਾਜ਼ਰ ਸਨ।

### ਇੰਗਲੈਂਡ 'ਚ ਜਨਰਲ ਚੋਣਾਂ

# ਸਿੱਖ ਐਮ ਪੀ ਤਨਮਨਜੀਤ ਢੇਸੀ ਨੇ ਕੀਤਾ ਸ਼ਕਤੀ ਪ੍ਰਦਰਸ਼ਨ, 7 ਕੌਂਸਲਰਾਂ ਨੇ ਛੱਡਿਆ ਸਾਥ










**ਸਲੋਹ, 9 ਜੂਨ (ਸਰਬਜੀਤ ਸਿੰਘ ਬਨੂੜ) -** ਬਰਤਾਨੀਆ ਪਾਰਲੀਮੈਂਟ ਦੇ ਸਲੋਹ ਹਲਕੇ ਤੋਂ ਲੇਬਰ ਪਾਰਟੀ ਦੇ ਇਕਲੌਤੇ ਸਿੱਖ ਐਮ ਪੀ ਤਨਮਨਜੀਤ ਸਿੰਘ ਢੇਸੀ ਨੂੰ ਮੁੜ ਤੋਂ ਪਾਰਲੀਮੈਂਟ ਦੀਆਂ ਪੌੜੀਆਂ ਚੜਨ ਲਈ ਭਾਰੀ ਮੁਸ਼ਕਲਾਂ ਵਿੱਚ ਲੰਘਣਾ ਪੈ ਰਿਹਾ ਹੈ ਜਿਸ ਦੇ ਚੱਲਦਿਆਂ ਤਨ ਢੇਸੀ ਨੇ ਪਾਰਟੀ ਵਿਰੋਧੀਆਂ ਨੂੰ ਨਕਾਰਨ ਲਈ ਵੱਡਾ ਸ਼ਕਤੀ ਪ੍ਰਦਰਸਨ ਕਰਕੇ ਹਲਕੇ ਵਿੱਚ ਸਿਆਸੀ ਹਲਚਲ ਤੇਜ਼ ਕਰ ਦਿੱਤੀ ਹੈ।

ਸਥਾਨਕ ਲੇਬਰ ਪਾਰਟੀ ਦੇ 7 ਸੀਨੀਅਰ ਮੌਜੂਦਾ ਕੌਂਸਲਰਾਂ ਵੱਲੋਂ ਗਾਂਜਾ,ਫਲਸਤੀਨ ਵਿੱਚ ਇਜਰਾਇਲ ਵੱਲੋ ਲਗਾਤਾਰ ਕੀਤੇ ਜਾ ਰਹੇ ਹਮਲਿਆਂ ਤੇ ਨਸਲਕੁਸ਼ੀ ਹੋਣ ਕਾਰਨ ਐਮ ਪੀ ਦੀ ਚੁੱਪ ਤੋਂ ਨਰਾਜ਼ ਹੋ ਕੇ ਪਾਰਟੀ ਦੀਆਂ ਨੀਤੀਆਂ ਖਿਲਾਫ ਬਗਾਵਤ ਦਾ ਝੰਡਾ ਚੁੱਕ ਵੱਖਰੇ ਹੋ ਗਏ ਹਨ। ਬੀਤੇ ਦਿਨੀਂ ਸਲੋਹ ਦੇ ਵੇਕਸਹੈਮ ਰੋਡ, ਸਥਿਤ ਵੱਡੇ ਹਾਲ ਵਿੱਚ ਲੇਬਰ ਪਾਰਟੀ ਦੇ ਸਮਾਗਮ ਵਿੱਚ ਤਨ ਢੇਸੀ ਦੀ ਜਿੱਤ ਯਕੀਨੀ ਬਣਾਉਣ ਲਈ ਲੇਬਰ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਜਿਸ ਵਿੱਚ ਲੰਡਨ ਦੇ ਮੇਅਰ ਸਦੀਕ ਖਾਨ, ਐਮ ਪੀ ਸੀਮਾ ਮਲਹੋਤਰਾ, ਐਮ ਪੀ ਜੌਨ ਮੈਕਡੋਨਲ, ਸਮੇਤ ਵੱਡੀ ਗਿਣਤੀ ਵਿੱਚ ਵੱਖ ਵੱਖ ਗੁਰਦਵਾਰਿਆਂ, ਪੰਥਕ ਜਥੇਬੰਦੀਆਂ ਦੇ ਆਗੂਆਂ, ਸਾਬਕਾ ਕੌਂਸਲਰਾਂ ਸਮੇਤ ਵੱਡੀ ਗਿਣਤੀ ਵਿੱਚ ਹਲਕਾ ਵੋਟਰਾਂ ਨੇ ਢੇਸੀ ਦੇ ਹੱਕ ਵਿੱਚ ਸ਼ਮੂਲੀਅਤ ਕਰਕੇ ਹਮਾਇਤ ਦਾ ਐਲਾਨ ਕੀਤਾ ਗਿਆ। ਇਸ ਮੌਕੇ ਤਨ ਢੇਸੀ ਨੇ ਕਿਹਾ ਕਿ 14 ਸਾਲਾਂ ਤੋਂ ਕੰਜਰਵੇਟਿਵ ਪਾਰਟੀ ਨੇ ਦੇਸ਼ ਦਾ ਵੱਡਾ ਨੁਕਸਾਨ ਕੀਤਾ ਹੈ ਬਰਤਾਨੀਆ ਦੇ ਵੋਟਰ ਦੇਸ਼ ਵਿੱਚ ਬਦਲਾਅ ਲਿਆਉਣ ਨੂੰ ਕਾਹਲ਼ੇ ਹਨ ਤੇ ਬਰਤਾਨੀਆ ਵਿੱਚ ਲੇਬਰ ਸਰਕਾਰ ਬਣੇਗੀ।ਇੱਕ ਭੇਂਟ ਵਾਰਤਾ ਵਿੱਚ ਕਿਹਾ ਕਿ ਉਨ੍ਹਾਂ ਹਮੇਸ਼ਾ ਆਪਣੇ ਵੋਟਰਾਂ ਦੀ ਪਾਰਲੀਮੈਂਟ ਵਿੱਚ ਅਵਾਜ਼ ਬੁਲੰਦ ਕੀਤੀ ਹੈ।ਇਸ ਮੌਕੇ ਲੰਡਨ ਬਾਰੋ ਦੇ ਮੇਅਰ ਸਦੀਕ ਖਾਨ ਵੱਲੋਂ ਢੇਸੀ ਦੇ ਹੱਕ ਵਿੱਚ ਪ੍ਰਚਾਰ ਕਰਨ ਦਾ ਐਲਾਨ ਕਰ ਸਮੀਕਰਨ ਬਦਲ ਦਿੱਤੇ ਗਏ ਹਨ।ਦੱਸਣਯੋਗ ਹੈ ਕਿ ਇੰਗਲੈਂਡ ਵਿੱਚ ਜਨਰਲ ਚੋਣਾਂ 4 ਜੁਲਾਈ ਨੂੰ ਹੋਣ ਜਾ ਰਹੀਆਂ ਹਨ ਜਿਸ ਵਿੱਚ ਰਿਸ਼ੀ ਸੁਨਕ ਸਰਕਾਰ ਨੂੰ ਸੀਟਾਂ ਦੀ ਵੱਡੀ ਖੜੋਤ ਆਉਣ ਦੀ ਉਮੀਦ ਹੈ।



**ਸਦੀਕ ਖਾਨ, ਮਲਹੋਤਰਾ, ਜੌਨ ਸਮੇਤ ਵੱਖ ਵੱਖ ਧਾਰਮਿਕ, ਰਾਜਸੀ ਜਥੇਬੰਦੀਆਂ ਨੇ ਹਮਾਇਤ ਦਾ ਐਲਾਨ**

# 6 ਜੂਨ ਦੇ ਸ਼ਹੀਦੀ ਸਮਾਗਮਾਂ ਤੇ ਦਮਦਮੀ ਟਕਸਾਲ ਮਹਿਤਾ ਵਿਖੇ ਪੁੱਜਣ ਵਾਲੀਆਂ ਸਮੂਹ ਸੰਗਤਾਂ ਦਾ ਧੰਨਵਾਦੀ ਹਾਂ -ਸੰਤ ਗਿਆਨੀ ਹਰਨਾਮ ਸਿੰਘ ਖਾਲਸਾ



**ਚੌਕ ਮਹਿਤਾ, 8 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)** -ਜੂਨ 1984 ਨੂੰ ਵਾਪਰੇ ਤੀਸਰੇ ਘੱਲੂਘਾਰੇ, ਅਪਰੇਸ਼ਨ ਬਲੂ ਸਟਾਰ ਦੇ 40ਵੇਂ ਸ਼ਹੀਦੀ ਸਮਾਗਮ ਮੌਕੇ 6 ਜੂਨ ਨੂੰ ਦਮਦਮੀ ਟਕਸਾਲ ਦੇ ਕੇਂਦਰੀ ਅਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪੁੱਜਣ ਵਾਲੀਆਂ ਸਮੂਹ ਸੰਗਤਾਂ ਦਾ ਮੈਂ ਰੋਮ ਰੋਮ ਕਰਕੇ ਰਿਣੀ ਹਾਂ ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਨੇ ਪੱਤਰਕਾਰਾਂ ਨਾਲ ਕਰਦਿਆਂ ਕਿਹਾ ਕਿ ਜਿੰਨੇ ਵੀ ਸਤਿਕਾਰਯੋਗ ਸਿੰਘ ਸਾਹਿਬਾਨ, ਸੰਤ ਸਮਾਜ ਦੇ ਮਹਾਂਪੁਰਖ, ਨਿਹੰਗ ਸਿੰਘ ਜਥੇਬੰਦੀਆਂ, ਫੈਡਰੇਸ਼ਨਾਂ ਦੇ ਸਿੰਘ ਅਤੇ ਹੋਰ ਸੰਗਤਾਂ , ਜਿਨ੍ਹਾਂ ਨੇ ਅੱਤ ਦੀ ਗਰਮੀ ਦੇ ਬਾਵਜੂਦ ਇਹਨਾਂ ਸ਼ਹੀਦੀ ਸਮਾਗਮਾਂ ਵਿੱਚ ਪਹੁੰਚ ਕੇ ਮਹਾਨ ਸ਼ਹੀਦਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ ਅਤੇ ਇਲਾਕਾ ਮਹਿਤਾ ਚੌਂਕ ਦੇ ਆਲੇ ਦੁਆਲੇ ਦੇ ਨਗਰਾਂ ਦੀਆਂ ਸੰਗਤਾਂ ਜਿਨਾਂ ਨੇ ਲੰਗਰਾਂ ਦੇ ਪ੍ਰਬੰਧਾਂ, ਛਬੀਲਾਂ ਗੱਡੀਆਂ ਦੀ ਪਾਰਕਿੰਗ, ਜੋੜਿਆਂ ਦੀਆਂ ਸੇਵਾਵਾਂ ਅਤੇ ਹੋਰ ਸਾਰੀਆਂ ਡਿਊਟੀਆਂ ਬੜੇ ਚੰਗੇ ਢੰਗ ਨਾਲ ਨਿਭਾ ਕੇ ਇਹਨਾਂ ਸ਼ਹੀਦੀ ਸਮਾਗਮ ਨੂੰ ਸਫਲ ਬਣਾਇਆ ਮੈਂ ਉਹਨਾਂ ਸਭਨਾਂ ਦਾ ਤਹਿ ਦਿਲ ਤੋਂ ਧੰਨਵਾਦ ਕਰਦਾ ਹਾਂ।

# ਰਵਨੀਤ ਸਿੰਘ ਬਿੱਟੂ ਦੇ ਕੇਂਦਰੀ ਰਾਜ ਮੰਤਰੀ ਬਣਨ ਤੇ ਹਠੂਰ ਵਿੱਚ ਆਗੂਆਂ ਨੇ ਵੰਡੇ ਲੱਡੂ

### ਰਵਨੀਤ ਸਿੰਘ ਬਿੱਟੂ ਨਾਲ ਪੰਜਾਬ ਵਿੱਚ ਬੀ ਜੇ ਪੀ ਹੋਵੇਗੀ ਮਜ਼ਬੂਤ : ਪ੍ਰਧਾਨ ਲਾਡੀ ਹਠੂਰ



**ਹਠੂਰ/ਜਗਰਾਉਂ, 9 ਜੂਨ (ਵਰਿਆਮ ਹਠੂਰ)**-ਰਵਨੀਤ ਸਿੰਘ ਬਿੱਟੂ ਨੂੰ ਸ਼੍ਰੀ ਨਰਿੰਦਰ ਮੋਦੀ ਦੀ ਕੈਬਨਿਟ ਵਿੱਚ ਕੇਂਦਰੀ ਰਾਜ ਸਭਾ ਮੰਤਰੀ ਬਣਾਉਣ ਤੇ ਬੀ ਜੇ ਪੀ ਦੇ ਆਗੂਆਂ ਅਤੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਸ: ਰਵਨੀਤ ਸਿੰਘ ਬਿੱਟੂ ਨੂੰ ਕੇਂਦਰੀ ਰਾਜ ਮੰਤਰੀ ਬਣਾਉਣ ਨਾਲ ਪੰਜਾਬ ਵਿੱਚ ਬੀ ਜੇ ਪੀ ਹੋਰ ਵੀ ਮਜ਼ਬੂਤ ਹੋਵੇਗੀ ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬੀ ਜੇ ਪੀ ਦੇ ਹਠੂਰ ਮੰਡਲ ਤੋਂ ਪ੍ਰਧਾਨ ਅਮਰਪ੍ਰੀਤ ਸਿੰਘ ਲਾਡੀ ਹਠੂਰ ਨੇ ਰਵਨੀਤ ਸਿੰਘ ਬਿੱਟੂ ਦੇ ਕੇਂਦਰੀ ਰਾਜ ਮੰਤਰੀ ਬਣਨ ਦੀ ਖੁਸ਼ੀ ਵਿੱਚ ਲੱਡੂ ਵੰਡਦਿਆਂ ਕੀਤਾ ਉਨ੍ਹਾਂ ਕਿਹਾ ਕਿ ਰਵਨੀਤ ਸਿੰਘ ਬਿੱਟੂ ਦੇ ਕੇਂਦਰੀ ਰਾਜ ਮੰਤਰੀ ਬਣਨ ਨਾਲ ਪੰਜਾਬ ਨੂੰ ਵੱਡਾ ਫਾਇਦਾ ਹੋਵੇਗਾ। ਮੰਡਲ ਪ੍ਰਧਾਨ ਅਮਰਪ੍ਰੀਤ ਸਿੰਘ ਲਾਡੀ ਹਠੂਰ ਨੇ ਕਿਹਾ ਕਿ ਰਵਨੀਤ ਸਿੰਘ ਬਿੱਟੂ ਨੂੰ ਕੇਂਦਰੀ ਰਾਜ ਸਭਾ ਮੰਤਰੀ ਬਣਾਉਣ ਤੇ ਸ਼੍ਰੀ ਨਰਿੰਦਰ ਮੋਦੀ ਅਤੇ ਸੀਨੀਅਰ ਨੇਤਾ ਅਮਿਤ ਸ਼ਾਹ ਦਾ ਬਹੁਤ ਬਹੁਤ ਧੰਨਵਾਦ, ਜਿੰਨ੍ਹਾਂ ਨੇ ਰਵਨੀਤ ਸਿੰਘ ਬਿੱਟੂ ਨੂੰ ਕੈਬਨਿਟ ਵਿੱਚ ਲਿਆ, ਪ੍ਰਧਾਨ ਅਮਰਪ੍ਰੀਤ ਸਿੰਘ ਲਾਡੀ ਹਠੂਰ ਨੇ ਕਿਹਾ ਕਿ ਸਾਨੂੰ ਪੂਰੀ ਉਮੀਦ ਹੈ ਕਿ ਪੰਜਾਬ ਦੇ ਅਹਿਮ ਮੁੱਦਿਆਂ ਤੇ ਸ: ਰਵਨੀਤ ਸਿੰਘ ਬਿੱਟੂ ਅਵਾਜ਼ ਬਲੰਦ ਕਰਨਗੇ ਤੇ ਹੱਲ ਕਰਵਾਉਣਗੇ, ਅੰਤ ਵਿੱਚ ਮੰਡਲ ਹਠੂਰ ਦੇ ਪ੍ਰਧਾਨ ਅਮਰਪ੍ਰੀਤ ਸਿੰਘ ਲਾਡੀ ਹਠੂਰ ਨੇ ਕਿਹਾ ਕਿ ਅਸੀਂ ਸ: ਰਵਨੀਤ ਸਿੰਘ ਬਿੱਟੂ ਅਤੇ ਉਨ੍ਹਾਂ ਦੇ ਪੂਰੇ ਪਰਿਵਾਰ ਨੂੰ ਰਵਨੀਤ ਸਿੰਘ ਬਿੱਟੂ ਦੇ ਕੇਂਦਰੀ ਰਾਜ ਮੰਤਰੀ ਬਣਨ ਤੇ ਵਧਾਈਆਂ ਦਿੰਦੇ ਹਾਂ

# ਗੁਰਦੁਆਰਾ ਜੋਤੀਸਰ ਜੰਡਿਆਲਾ ਗੁਰੂ ਵਿਖੇ ਫ੍ਰੀ ਮੈਡੀਕਲ ਚੈਕ ਅੱਪ ਕੈਂਪ 14 ਜੂਨ ਨੂੰ ਬਾਬਾ ਸੁੱਖਾ ਸਿੰਘ

**ਜੰਡਿਆਲਾ ਗੁਰੂ, 9 ਜੂਨ ( ਕੁਲਵੰਤ ਸਿੰਘ ਵਿਰਦੀ)**-ਅੱਜ ਤਪ ਅਸਥਾਨ ਸੰਤ ਬਾਬਾ ਗੁਰਬਖਸ਼ ਸਿੰਘ ਜੀ ਗੁਰਦੁਆਰਾ ਜੋਤੀਸਰ ਜੰਡਿਆਲਾ ਗੁਰੂ ਅਤੇ ਜੋਤੀਸਰ ਸ਼ਿਮਲੇ ਦੇ ਮੁੱਖ ਸੇਵਾਦਾਰ ਬਾਬਾ ਸੁੱਖਾ ਸਿੰਘ ਜੀ ਨੇ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ 14 ਜੂਨ ਦਿਨ ਸ਼ੁਕਰਵਾਰ ਨੂੰ ਸਵੇਰੇ 8 ਵਜੇ ਤੋਂ 11 ਵਜੇ ਤੱਕ ਗੁਰਦੁਆਰਾ ਜੋਤੀਸਰ ਜੰਡਿਆਲਾ ਗੁਰੂ ਵਿਖੇ ਮੈਡੀਕਲ ਚੈੱਕਅਪ ਕੈਂਪ ਲਗਾਇਆ ਜਾ ਰਿਹਾ ਹੈ ਇਸ ਵਿੱਚ ਸਪੈਸ਼ਲ ਡਾਕਟਰਾਂ ਦੀ ਟੀਮ ਵੱਲੋਂ ਚੈਕ ਅੱਪ ਕਰਕੇ ਸਹੀ ਇਲਾਜ਼ ਕਰਵਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ ਇਸ ਕੈਂਪ ਵਿੱਚ ਅੱਖਾਂ ਦਾ ਚੈਕ ਅੱਪ, ਹੱਡੀਆਂ ਦੇ ਮਾਹਰ ਡਾਕਟਰਾਂ ਵੱਲੋਂ ਕਮਰ ਦਰਦ, ਗੋਡਿਆਂ ਦਾ ਦਰਦ, ਮੋਡਿਆਂ ਦਾ ਦਰਦ, ਜੋੜਾਂ ਦਾ ਦਰਦ, ਅਧਰੰਗ, ਸਰਵਾਈਕਲ ਦਾ ਫ੍ਰੀ ਚੈਕ ਅੱਪ ਕੀਤਾ ਜਾਵੇਗਾ ਇਲਾਕਾ ਨਿਵਾਸੀ ਇਸ ਕੈਂਪ ਵਿੱਚ ਆਪਣਾ ਚੈੱਕ ਅੱਪ ਕਰਵਾ ਕੇ ਲਾਹਾ ਪ੍ਰਾਪਤ ਕਰੋ।



ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਜੂਨ 1984 ਦੇ ਸਮੂਹ ਸਹੀਦਾਂ ਦੀ ਸ਼ਹਾਦਤ ਨੂੰ

# ਹਰਿਆਣਾ ਕਮੇਟੀ ਕਰਦੀ ਹੈ ਪ੍ਰਣਾਮ - ਜਥੇਦਾਰ ਦਾਦੂਵਾਲ

## ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੂਨ 1984 ਘੱਲੂਘਾਰੇ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਇਤਿਹਾਸਿਕ ਗੁਰਦੁਆਰਾ ਸਾਹਿਬ ਪਾਤਸ਼ਾਹੀ 10ਵੀਂ ਨਾਢਾ ਸਾਹਿਬ ਪੰਚਕੂਲਾ ਵਿਖੇ ਸ਼ਹੀਦੀ ਸਮਾਗਮ ਕਰਵਾਇਆ ਗਿਆ
















**ਪੰਚਕੂਲਾ, 9 ਜੂਨ (ਆਵਾਜ਼ਿ ਕੌਮ ਬਿਊਰੋ)**-ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੂਨ 1984 ਘੱਲੂਘਾਰੇ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਇਤਿਹਾਸਿਕ ਗੁਰਦੁਆਰਾ ਸਾਹਿਬ ਪਾਤਸ਼ਾਹੀ 10ਵੀਂ ਨਾਢਾ ਸਾਹਿਬ ਪੰਚਕੂਲਾ ਵਿਖੇ ਜਥੇਦਾਰ ਭੁਪਿੰਦਰ ਸਿੰਘ ਅਸੰਧ ਪ੍ਰਧਾਨ,ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਦੇ ਉਪਰਾਲੇ ਸਦਕਾ ਸ਼ਹੀਦੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸੁਦਰਸ਼ਨ ਸਿੰਘ ਅੰਬਾਲਾ ਸੀਨੀਅਰ ਮੀਤ ਪ੍ਰਧਾਨ,ਸੁਖਵਿੰਦਰ ਸਿੰਘ ਮੰਡੇਬਰ ਜਨਰਲ ਸਕੱਤਰ,ਜਗਸੀਰ ਸਿੰਘ ਮਾਂਗੇਆਣਾ ਅੰਤ੍ਰਿੰਗ ਮੈਂਬਰ,ਤਰਵਿੰਦਰਪਾਲ ਸਿੰਘ ਅੰਬਾਲਾ ਅੰਤ੍ਰਿੰਗ ਮੈਂਬਰ,ਬਲਦੇਵ ਸਿੰਘ ਖਾਲਸਾ ਅੰਤ੍ਰਿੰਗ ਮੈਂਬਰ,ਹਰਬੰਸ ਸਿੰਘ ਕੜਕੌਲੀ ਮੈਂਬਰ,ਗੁਰਵਿੰਦਰ ਸਿੰਘ ਕਰਨਾਲ ਸਲਾਹਕਾਰ,ਕਰਨੈਲ ਸਿੰਘ ਪੰਜੋਲੀ ਸਾਬਕਾ ਜਨਰਲ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੰਘ ਸਾਹਿਬ ਭਾਈ ਜਸਬੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ,ਬਾਬਾ ਮਨਮੋਹਨ ਸਿੰਘ ਬਾਰਨ ਵਾਲੇ,ਐਸ ਪੀ ਸਿੰਘ ਓਬਰਾਏ ਪ੍ਰਸਿੱਧ ਸਮਾਜ ਸੇਵੀ ਦੁਬਈ,ਜਗਜੀਤ ਸਿੰਘ ਦਰਦੀ ਐਮ ਡੀ ਚੜਦੀਕਲਾ ਟਾਈਮ ਟੀਵੀ,ਭਾਈ ਸਤਵੰਤ ਸਿੰਘ ਸਪੁੱਤਰ ਸ਼ਹੀਦ ਭਾਈ ਕੇਹਰ ਸਿੰਘ ਜੀ,ਬਾਬਾ ਸੁੱਖਾ ਸਿੰਘ ਕਾਰ ਸੇਵਾ ਕਰਨਾਲ,ਜਗਜੀਤ ਸਿੰਘ ਰਤਨਗੜ ਸਾਬਕਾ ਮੈਂਬਰ ਸ੍ਰੋਮਣੀ ਕਮੇਟੀ,ਕੁਲਦੀਪ ਸਿੰਘ ਸਰਸੀਣੀ,ਸਰਬਜੀਤ ਸਿੰਘ ਸੋਹਲ ਫੈਡਰੇਸ਼ਨ ਆਗੂ,ਜਥੇਦਾਰ ਸਵਰਨਜੀਤ ਸਿੰਘ ਮੁਖੀ ਮਿਸ਼ਲ ਸ਼ਹੀਦਾਂ ਤਰਨਾ ਦਲ ਦੁਆਬਾ,ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ,ਬੀਬੀ ਬਲਜਿੰਦਰ ਕੌਰ ਸਾਬਕਾ ਮੈਂਬਰ ਨੇ ਵੀ ਹਾਜ਼ਰੀ ਲਵਾਈ ਸਟੇਜ ਸਕੱਤਰ ਦੀ ਸੇਵਾ ਹਰਕੀਰਤ ਸਿੰਘ ਮੈਨੇਜਰ ਗੁਰਦੁਆਰਾ ਸਾਹਿਬ ਪਾਤਸ਼ਾਹੀ ਪਹਿਲੀ ਅਤੇ ਦਸਵੀਂ ਕਪਾਲ ਮੋਚਨ ਸਾਹਿਬ ਵੱਲੋਂ ਨਿਭਾਈ ਗਈ ਜਥੇਦਾਰ ਦਾਦੂਵਾਲ ਜੀ ਨੇ ਸੰਬੋਧਨ ਕਰਦਿਆ ਕਿਹਾ ਕੇ ਸਮੁੱਚੀ ਹਰਿਆਣਾ ਕਮੇਟੀ ਜੂਨ 1984 ਦੇ ਸਮੂੰਹ ਸਹੀਦਾਂ ਨੂੰ ਪ੍ਰਣਾਮ ਕਰਦੀ ਹੈ 40ਵਾਂ ਘੱਲੂਘਾਰਾ ਸ਼ਹੀਦੀ ਸਮਾਗਮ ਯਾਦਗਾਰੀ ਹੋ ਨਿੱਬੜਿਆ।



ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਜੂਨ 1984 ਦੇ ਸਮੂਹ ਸਹੀਦਾਂ ਦੀ ਸ਼ਹਾਦਤ ਨੂੰ

# ਹਰਿਆਣਾ ਕਮੇਟੀ ਕਰਦੀ ਹੈ ਪ੍ਰਣਾਮ - ਜਥੇਦਾਰ ਦਾਦੂਵਾਲ

## ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੂਨ 1984 ਘੱਲੂਘਾਰੇ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਇਤਿਹਾਸਿਕ ਗੁਰਦੁਆਰਾ ਸਾਹਿਬ ਪਾਤਸ਼ਾਹੀ 10ਵੀਂ ਨਾਢਾ ਸਾਹਿਬ ਪੰਚਕੂਲਾ ਵਿਖੇ ਸ਼ਹੀਦੀ ਸਮਾਗਮ ਕਰਵਾਇਆ ਗਿਆ














(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਜੂਨ 1984 ਦੇ ਸਮੂੰਹ ਸਹੀਦਾਂ ਦੀ ਸ਼ਹਾਦਤ ਨੂੰ

# ਹਰਿਆਣਾ ਕਮੇਟੀ ਕਰਦੀ ਹੈ ਪ੍ਰਣਾਮ - ਜਥੇਦਾਰ ਦਾਦੂਵਾਲ

## ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੂਨ 1984 ਘੱਲੂਘਾਰੇ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਇਤਿਹਾਸਿਕ ਗੁਰਦੁਆਰਾ ਸਾਹਿਬ ਪਾਤਸ਼ਾਹੀ 10ਵੀਂ ਨਾਢਾ ਸਾਹਿਬ ਪੰਚਕੂਲਾ ਵਿਖੇ ਸ਼ਹੀਦੀ ਸਮਾਗਮ ਕਰਵਾਇਆ ਗਿਆ




ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




ਸੱਚਖੰਡਵਾਸੀ ਬ੍ਰਹਮਗਿਆਨੀ ਮਹਾਂਪੁਰਖ ਬਾਬਾ ਠਾਕੁਰ ਸਿੰਘ ਮੁਖੀ ਦਮਦਮੀ ਟਕਸਾਲ ਸਹਿਤ ਅਨੇਕਾਂ ਮਹਾਂਪੁਰਸ਼ਾਂ ਦੀ ਬਿਹੰਗਮ ਰਹਿ ਕੇ ਸੇਵਾ ਕਮਾਉਣ ਵਾਲੇ ਸਤਿਕਾਰਯੋਗ ਮਾਤਾ ਜੋਗਿੰਦਰ ਕੌਰ (ਭੂਆ ਜੀ) ਡੇਰਾਬੱਸੀ ਵਾਲਿਆਂ ਦੀ ਅੰਤਿਮ ਅਰਦਾਸ ਸਮੇਂ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ,ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਦਮਦਮੀ ਟਕਸਾਲ ਮਹਿਤਾ ਚੌਂਕ ,ਦਮਦਮੀ ਟਕਸਾਲ ਅਜਨਾਲਾ ਅਤੇ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ,ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤੋਂ ਪਹੁੰਚੇ ਸਿੰਘ ਸਾਹਿਬਾਨ ਸਮੇਤ ਸੈਂਕੜੇ ਸਿੱਖ ਸੰਗਤਾਂ ਨੇ 8 ਜੂਨ ਨੂੰ ਹਾਜ਼ਰੀ ਭਰਕੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। (ਫੋਟੋ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਬਾਦਲ ਦਲ ਦਾ ਭੋਗ ਅਵੱਸ਼ ਪਵੇਗਾ, ਬਾਦਲਾਂ ਦਾ ਕੱਖ ਨਹੀਂ ਰਹੇਗਾ

# 10 ਸੀਟਾਂ 'ਤੇ ਜ਼ਮਾਨਤਾਂ ਜਬਤ ਕਰਾ ਕੇ ਵੀ ਬਾਦਲਾਂ ਨੂੰ ਅਕਲ ਨਾ ਆਈ









ਆਵਾਜ਼ਿ ਕੌਮ AWAZE QAUM International Newspaper & WEB TV





**ਇਸ ਵਾਰ** ਲੋਕ ਸਭਾ ਚੋਣਾਂ ਵਿੱਚ 10 ਸੀਟਾਂ ਉੱਤੇ ਜ਼ਮਾਨਤਾਂ ਜਬਤ ਕਰਾ ਕੇ ਵੀ ਬਾਦਲਕਿਆਂ ਨੂੰ ਅਕਲ ਨਹੀਂ ਆਈ, ਉਹਨਾਂ ਦੀ ਬੋਲਣ ਸ਼ੈਲੀ ਤੇ ਕਾਰਜਸ਼ੈਲੀ ਅਜੇ ਵੀ ਪੰਥ ਅਤੇ ਪੰਜਾਬ ਦੇ ਵਿਰੋਧ ਵਿੱਚ ਹੈ। ਬਾਦਲਕੇ ਪੰਥ ਅਤੇ ਪੰਜਾਬ ਨੂੰ ਤਿਆਗ ਕੇ ਦਿੱਲੀ ਦੇ ਦਲਾਲ ਬਣ ਚੁੱਕੇ ਹਨ ਜਿਸ ਕਰਕੇ ਸਿੱਖ ਅਤੇ ਪੰਜਾਬੀ ਹੁਣ ਇਹਨਾਂ ਨੂੰ ਮੂੰਹ ਨਹੀਂ ਲਾਉਂਦੇ। ਬਾਦਲਕੇ ਐਨੇ ਗਰਕ ਚੁੱਕੇ ਹਨ ਕਿ ਇਹਨਾਂ ਨੂੰ ਬਲਾਤਕਾਰੀ ਡੇਰਾ ਸਿਰਸਾ ਦੀਆਂ ਵੋਟਾਂ ਤਾਂ ਚਾਹੀਦੀਆਂ ਹਨ ਪਰ ਸਿੱਖਾਂ ਦੀਆਂ

## ਗੱਲ ਆਪੋ-ਆਪਣੀ

ਨਹੀਂ। ਬਾਦਲਾਂ ਨੂੰ ਫ਼ਿਕਰ ਲੱਗਾ ਰਹਿੰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦੇ ਦੋਸ਼ੀ ਚਾਹੇ ਨਾ ਫੜੇ ਜਾਣ ਪਰ ਡੇਰਾ ਸਿਰਸਾ ਦੇ ਪ੍ਰੇਮੀਆਂ ਨੂੰ ਕੁਝ ਨਹੀਂ ਹੋਣਾ ਚਾਹੀਦਾ। ਡੇਰਾ ਸਿਰਸਾ ਨਾਲ ਯਾਰੀ ਨਿਭਾਉਣ ਲਈ ਸਿੱਖਾਂ ਨੂੰ ਗੋਲ਼ੀਆਂ ਮਾਰਨ ਲੱਗਿਆਂ ਬਾਦਲਕੇ ਮਿੰਟ ਨਹੀਂ ਲਾਉਂਦੇ ਸਨ। ਬਾਦਲਕਿਆਂ ਦੀਆਂ ਗਲਤੀਆਂ, ਪਾਪਾਂ ਅਤੇ ਗੁਨਾਹਾਂ ਕਰਕੇ 2017 ਦੀਆਂ ਵਿਧਾਨ ਸਭਾ ਚੋਣਾਂ, 2019 ਦੀਆਂ ਲੋਕ ਸਭਾ ਚੋਣਾਂ, 2022 ਦੀਆਂ ਵਿਧਾਨ ਸਭਾ ਚੋਣਾਂ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਇਹਨਾਂ ਦੀ ਕਰਾਰੀ ਹਾਰ ਹੋਈ ਹੈ, ਜੋ ਕੁਝ ਬਾਦਲ ਦਲ ਹੁਣ ਝੱਲ ਰਿਹਾ ਹੈ ਅੱਜ ਤੱਕ ਅਕਾਲੀ ਦਲ ਦੇ ਇਤਿਹਾਸ ਵਿੱਚ ਇਸ ਤਰ੍ਹਾਂ ਕਦੇ ਨਹੀਂ ਸੀ ਹੋਇਆ। ਮਰਹੂਮ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਦੀ ਰੂਹ ਦਾ ਕਤਲ ਕਰ ਦਿੱਤਾ ਹੈ। ਬਾਦਲਕਿਆਂ ਨੂੰ ਸ਼ਹੀਦਾਂ ਦੇ ਪਰਿਵਾਰਾਂ ਜਾਂ ਕੁਰਬਾਨੀ ਵਾਲੀਆਂ ਪੰਥਕ ਸ਼ਖ਼ਸੀਅਤਾਂ ਦੀ ਲੋੜ ਨਹੀਂ, ਉਹਨਾਂ ਨੂੰ ਤਾਂ ਬੁੱਚੜ ਸੁਮੇਧ ਸੈਣੀ ਅਤੇ ਇਜ਼ਹਾਰ ਆਲਮ ਵਰਗੇ ਚਾਹੀਦੇ ਹਨ। ਬਾਦਲਾਂ ਨੂੰ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ, ਸਰਦਾਰ ਸਿਮਰਨਜੀਤ ਸਿੰਘ ਮਾਨ, ਦਲ ਖ਼ਾਲਸਾ, ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਅਤੇ ਅੰਮ੍ਰਿਤਪਾਲ ਸਿੰਘ ਵਰਗੇ ਤਾਂ ਆਪਣੇ ਦੁਸ਼ਮਣ ਲੱਗਦੇ ਹਨ ਪਰ ਪੰਥ ਅਤੇ ਪੰਜਾਬ ਦੇ ਵੈਰੀ ਬਾਦਲਾਂ ਨੂੰ ਆਪਣੇ ਸੱਜਣ ਲੱਗਦੇ ਹਨ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਰੁਲਦਾ ਵੱਕਾਰ ਵੇਖ ਕੇ ਜਦੋਂ ਕੋਈ ਗੁਰਸਿੱਖ ਇਹਨਾਂ ਨੂੰ ਸਲਾਹ ਦਿੰਦਾ ਹੈ ਜਾਂ ਇਹਨਾਂ ਨੂੰ ਪੰਥ ਵਿਰੋਧੀ ਕਾਰਿਆਂ ਤੋਂ ਰੋਕਦਾ ਹੈ ਤਾਂ ਬਾਦਲਕੇ ਹਕੀਕਤ ਨੂੰ ਸਮਝਣ ਦੀ ਬਜਾਏ, ਆਪਣੀਆਂ ਗਲਤੀਆਂ ਨੂੰ ਸੁਧਾਰਨ ਦੀ ਬਜਾਏ ਉਹਨਾਂ ਪੰਥਕ ਸ਼ਖਸੀਅਤਾਂ ਤੇ ਪੰਥਕ ਜਥੇਬੰਦੀਆਂ ਅਤੇ ਸੰਗਤਾਂ ਨੂੰ ਕਾਂਗਰਸੀ ਅਤੇ ਆਰ ਐਸ ਐਸ ਦੇ ਏਜੰਟ ਐਲਾਨ ਦਿੰਦੀਆਂ ਹਨ।

ਸੱਚ ਤਾਂ ਇਹ ਹੈ ਕਿ ਭਾਜਪਾ ਅਤੇ ਆਰ ਐਸ ਐਸ ਦੇ ਪਿਛਲੱਗ ਬਣ ਕੇ ਬਾਦਲ ਦਲ ਨੇ ਨਿਆਰੇ ਸਿੱਖ ਧਰਮ ਨੂੰ ਹਿੰਦੂਤਵ ਦੇ ਸਮੁੰਦਰ ਵਿੱਚ ਡੋਬਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ, ਆਪਣੇ ਨਿੱਜੀ ਅਤੇ ਸਿਆਸੀ ਹਿੱਤਾਂ ਲਈ ਬਾਦਲ ਦਲ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੰਥ ਅਤੇ ਪੰਜਾਬ ਵਿਰੋਧੀ ਸੰਸਥਾ ਹੀ ਬਣਾ ਧਰਿਆ ਹੈ। ਇੱਕ ਉਹ ਵੀ ਸਮਾਂ ਸੀ ਜਦੋਂ ਅਕਾਲੀ ਦਲ ਸਿੱਖ ਕੌਮ ਦੇ ਸੰਘਰਸ਼ਾਂ ਤੇ ਮੋਰਚਿਆਂ ਦੀ ਅਗਵਾਈ ਕਰਦਾ ਸੀ, ਪਰ ਹੁਣ ਬਾਦਲ ਦਲ ਦੀ ਅਗਵਾਈ ਵਾਲਾ ਅਖੌਤੀ ਅਕਾਲੀ ਦਲ ਜੋ ਪੰਥਕ ਮੋਰਚਿਆਂ ਤੇ ਸੰਘਰਸ਼ਾਂ ਅਤੇ ਪੰਥਕ ਸ਼ਖ਼ਸੀਅਤਾਂ ਨੂੰ ਇਕੱਲਾ ਨਿੰਦਦਾ-ਭੰਡਦਾ ਤੇ ਬਦਨਾਮ ਹੀ ਨਹੀਂ ਕਰਦਾ ਸਗੋਂ ਸੱਤਾ ਉੱਤੇ ਕਾਬਜ ਹੋਣ ਵੇਲੇ ਸੰਘਰਸ਼ਸ਼ੀਲ ਸਿੱਖਾਂ ਨੂੰ ਗੋਲ਼ੀਆਂ ਮਾਰਨ ਤੋਂ ਵੀ ਗੁਰੇਜ਼ ਨਹੀਂ ਕਰਦਾ। ਬਾਦਲ ਦਲ ਵਾਲਾ ਅਕਾਲੀ ਦਲ ਹੁਣ ਕਾਂਗਰਸ, ਭਾਜਪਾ, ਕਾਮਰੇਡਾਂ ਤੇ ਝਾੜੂ ਪਾਰਟੀ ਵਾਂਗ ਇੱਕ ਸਿਆਸੀ ਪਾਰਟੀ ਬਣ ਕੇ ਹੀ ਰਹਿ ਗਿਆ ਹੈ ਜਿਸ ਦੀ ਦੌੜ ਕੇਵਲ ਸੱਤਾ ਦੀ ਪ੍ਰਾਪਤੀ ਹੈ, ਹੁਣ ਇਹ ਪੰਥ ਅਤੇ ਪੰਜਾਬ ਹਿਤੈਸ਼ੀ ਨਹੀਂ ਰਿਹਾ, ਇਸ ਵਿੱਚੋਂ ਸਿੱਖੀ ਦੀ ਖ਼ੁਸ਼ਬੂ ਨਹੀਂ ਆਉਂਦੀ, ਇਹ ਪੰਜਾਬ ਦੇ ਹੱਕਾਂ ਹਕੂਕਾਂ ਲਈ ਨਹੀਂ ਲੜਦਾ। ਬਾਦਲਕੇ ਐਨੇ ਗਰਕ ਚੁੱਕੇ ਹਨ ਕਿ ਹੁਣ ਜਦੋਂ ਕੋਈ ਸਾਫ-ਸੁਥਰੀ ਸਖਸ਼ੀਅਤ, ਸੰਪਰਦਾ ਅਤੇ ਜਥੇਬੰਦੀ ਵੀ ਇਹਨਾਂ ਨਾਲ ਕਿਸੇ ਹਿੱਤ ਕਰਕੇ ਜੁੜਦੀ ਹੈ ਤਾਂ ਉਹ ਵੀ ਮੈਲ਼ੀ ਹੋ ਜਾਂਦੀ ਹੈ ਤੇ ਪੰਥਕ ਸਫਾਂ ਵਿੱਚ ਉਸ ਉੱਤੇ ਸਵਾਲੀਆ ਨਿਸ਼ਾਨ ਲੱਗ ਜਾਂਦਾ ਹੈ। ਬਾਦਲਕੇ ਆਪ ਤਾਂ ਡੁੱਬੇ ਹੀ ਹਨ ਇਹਨਾਂ ਨੇ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਕਈ ਸੰਪਰਦਾਵਾਂ ਤੇ ਸ਼ਖਸੀਅਤਾਂ ਨੂੰ ਵੀ ਰੋਲ ਦਿੱਤਾ ਹੈ। ਡਰਾਮੇਬਾਜ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੇ ਬਾਦਲ ਦਲ ਦੀ ਅਗਵਾਈ ਵਿੱਚ ਨਾ ਤਾਂ ਸ਼੍ਰੋਮਣੀ ਅਕਾਲੀ ਦਲ ਬਚ ਸਕਦਾ ਹੈ ਅਤੇ ਨਾ ਹੀ ਇਹ ਕੋਈ ਪੰਥ ਅਤੇ ਪੰਜਾਬ ਦਾ ਭਲਾ ਕਰ ਸਕਦੇ ਹਨ। ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਵੱਲੋਂ ਕੀਤੀ ਅਰਦਾਸ ਦਿਨੋਂ ਦਿਨ ਪੂਰੀ ਹੋ ਰਹੀ ਹੈ, ਭਵਿੱਖ ਵਿੱਚ ਬਾਦਲਾਂ ਦਾ ਕੱਖ ਨਹੀਂ ਰਹੇਗਾ। ਸ਼੍ਰੋਮਣੀ ਅਕਾਲੀ ਦਲ ਤਾਂ ਇੱਕ ਦਿਨ ਸੁਰਜੀਤ ਹੋ ਜਾਵੇਗਾ ਪਰ ਬਾਦਲ ਦਲ ਦਾ ਭੋਗ ਅਵੱਸ਼ ਪਵੇਗਾ। ਬਾਦਲਾਂ ਦਾ ਸਾਥ ਦੇਣ ਵਾਲੇ ਵੀ ਸ਼ਰਮਸਾਰ ਹੋਇਆ ਕਰਨਗੇ ਤੇ ਚੱਪਣੀ ਵਿੱਚ ਨੱਕ ਡੋਬਣ ਲਈ ਮਜ਼ਬੂਰ ਹੋ ਜਾਣਗੇ।



**- ਰਣਜੀਤ ਸਿੰਘ ਦਮਦਮੀ ਟਕਸਾਲ**
**(ਪ੍ਰਧਾਨ ਸਿੱਖ ਯੂਥ ਫੈ.ਡਰੇਸ਼ਨ ਭਿੰਡਰਾਂਵਾਲਾ)**
ਮੋ : 88722-93883




ਧਰਮੀ ਸਬਦ ਸਚੀ ਟਕਸਾਲ
ਦਮਦਮੀ ਟਕਸਾਲ
ਨਾਮ ਜਪੋ
ਕਿਰਤ ਕਰੋ
ਵੰਡ ਛਕੋ
Naam Japo
Kirat Karo
Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net

ਆਵਾਜ਼ਿ ਕੌਮ
Daily Newspaper from U.K.
Publisher/Chief Editor
Raghbir Singh Walsal
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243




ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ




# ਪਿਛਲੇ ਦਿਨੀਂ ਫਿਰੋਜ਼ਪੁਰ ਦੇ ਪਿੰਡ ਬੰਡਾਲਾ ਵਿਖੇ ਹੋਈ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਬਦੀ ਦਾ ਇਨਸਾਫ ਲੈਣ ਲਈ 11 ਜੂਨ ਨੂੰ ਗੁਰਦੁਆਰਾ ਸਾਰਾਗੜ੍ਹੀ ਪਹੁੰਚੋ: ਬਾਬਾ ਸਤਨਾਮ ਸਿੰਘ ਵੱਲੀਆਂ

**ਫਿਰੋਜ਼ਪੁਰ, 9 ਜੂਨ (ਆਵਾਜ਼ਿ ਕੌਮ ਬਿਊਰੋ)**-ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਨੂੰ ਬੇਨਤੀ ਹੈ ਕਿ ਫਿਰੋਜ਼ਪੁਰ ਜ਼ਿਲੇ ਦੇ ਪਿੰਡ ਬੰਡਾਲਾ ਵਿਖੇ ਪਿਛਲੇ ਦਿਨੀਂ 4 ਮਈ ਨੂੰ ਇੱਕ ਦੁਸ਼ਟ ਵੱਲੋਂ ਗੁਰਦੁਆਰਾ ਬਾਬਾ ਬੀਰ ਸਿੰਘ ਜੀ ਵਿਖੇ ਦਾਖਲ ਹੋ ਕੇ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਬਦੀ ਕਰ ਦਿੱਤੀ ਗਈ ਸੀ। ਇਸ ਮੌਕੇ ਸਿੱਖ ਸੰਗਤਾਂ ਵੱਲੋਂ ਗੁਰੂ ਦੋਖੀ ਬੇਅਦਬੀ ਕਰਨ

ਆਵਾਜ਼ਿ ਕੌਮ
AWAZE QAUM
International Newspaper & WEB TV



ਵਾਲੇ ਦੁਸ਼ਟ ਨੂੰ ਭਾਰੀ ਕੁੱਟਮਾਰ ਕਰਨ ਦੌਰਾਨ ਮੌਕੇ ਤੇ ਪਹੁੰਚੇ ਪੁਲਿਸ ਪ੍ਰਸ਼ਾਸਨ ਨੂੰ ਸੌਂਪ ਦਿੱਤਾ ਇਸ ਦੌਰਾਨ ਪੁਲਸ ਕਸਟਡੀ ਵਿੱਚ ਉਸ ਬੇਅਦਬੀ ਕਰਨ ਵਾਲੇ ਦੁਸ਼ਟ ਦੀ ਮੌਤ ਹੋ ਗਈ ਸੀ। ਇਥੇ ਜ਼ਿਕਰਯੋਗ ਹੈ ਕਿ ਕੁੱਟਮਾਰ ਦੌਰਾਨ ਉਸ ਇਹ ਵੀ ਮੰਨਿਆ ਸੀ ਕਿ ਉਸ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਬਦੀ ਕਰਨ ਲਈ ਕਿਸ ਨੇ ਭੇਜਿਆ ਹੈ ਜਿਸ ਦੀ ਇੱਕ ਵੀਡੀਓ ਨੂੰ ਆਧਾਰ ਬਣਾ ਕੇ ਸਿੱਖ ਆਗੂਆਂ ਵੱਲੋਂ ਪੁਲੀਸ ਪ੍ਰਸ਼ਾਸਨ ਨੂੰ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਲਈ ਇੱਕ ਦਰਖ਼ਾਸਤ ਵੀ ਦਿੱਤੀ ਗਈ ਹੈ ਜਿਸ ਤੇ ਪੁਲੀਸ ਪ੍ਰਸ਼ਾਸਨ ਵੱਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ ਸਗੋਂ ਪੁਲਿਸ ਵੱਲੋਂ ਇੱਕ ਵਿਅਕਤੀ ਜਰਨੈਲ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਅਤੇ ਕੁਝ ਅਣਪਛਾਤੇ ਵਿਅਕਤੀਆਂ ਤੇ ਪਰਚਾ ਦਰਜ ਕਰਕੇ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਦਬਾਅ ਪਾਇਆ ਜਾ ਰਿਹਾ ਹੈ। ਇਸ ਮੌਕੇ ਇੰਟਰਨੈਸ਼ਨਲ ਪੰਥਕ ਦਲ ਧਾਰਮਿਕ ਵਿੰਗ ਦੇ ਪੰਜਾਬ ਪ੍ਰਧਾਨ ਬਾਬਾ ਸਤਨਾਮ ਸਿੰਘ ਵੱਲੀਆਂ,ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਭਾਈ ਲਖਵੀਰ ਸਿੰਘ ਮਹਾਲਮ, ਬਾਬਾ ਬਲਕਾਰ ਸਿੰਘ ਇਲਮੇ ਵਾਲਾ, ਬਾਬਾ ਪ੍ਰਤਾਪ ਸਿੰਘ ਜੀ ਬੰਡਾਲਾ ਮੁੱਖ ਸੇਵਾਦਾਰ ਗੁਰਦੁਆਰਾ ਬਾਬਾ ਬੀਰ ਸਿੰਘ ਜੀ ਬੰਡਾਲਾ, ਬਾਬਾ ਦਿਲਬਾਗ ਸਿੰਘ ਜੀ ਆਰਫ਼ ਕੇ ਅਤੇ ਹੋਰ ਆਗੂਆਂ ਨੇ ਇੱਕ ਸਾਂਝਾ ਬਿਆਨ ਜਾਰੀ ਕਰਦਿਆਂ ਸਾਰੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਜ਼ਿਲ੍ਹਾ ਫ਼ਿਰੋਜ਼ਪੁਰ ਦੀਆਂ ਸਮੂਹ ਸਿੱਖ ਜਥੇਬੰਦੀਆਂ ਅਤੇ ਸੰਤ ਸਮਾਜ ਦੇ ਮਹਾਂਪੁਰਖਾਂ ਅਤੇ ਸੰਗਤਾਂ ਵੱਲੋਂ 11 ਜੂਨ ਦਿਨ ਮੰਗਲਵਾਰ ਸਵੇਰੇ 11 ਵਜੇ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਇੱਕ ਵਿਸ਼ਾਲ ਮੀਟਿੰਗ ਕੀਤੀ ਜਾ ਰਹੀ ਹੈ ਜਿਸ ਵਿਚ ਸਮੂਹ ਗੁਰੁ ਨਾਨਕ ਨਾਮ ਲੇਵਾ ਸਿੱਖ ਸੰਗਤਾਂ, ਸਮੂਹ ਜਥੇਬੰਦੀਆਂ ਅਤੇ ਸੰਤ ਸਮਾਜ ਦੇ ਮਹਾਂਪੁਰਖਾਂ ਨੂੰ ਸਮੇਂ ਸਿਰ ਪਹੁੰਚਣ ਲਈ ਅਪੀਲ ਕਰਦੇ ਹਾਂ।

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243